**ALL STAR DRIVING SCHOOL**
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004 www.allstardrivingschool.info

**KALER TAX AND ACCOUNT LLC**
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com
ਹਰਜਿੰਦਰ ਸਿੰਘ ਕਲੇਰ

**ACCURATE ACCOUNTS AND TAXES**
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup
Services
MOHINDER S. SOHAL
Cell: 206-841-1431
Buss: 253-520-8886
Email:mssohal@yahoo.com



ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ
# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com
www.punjabguardian.com
Tel: 604-590-5200 Fax:604-596-5700 Toll Free: 1-877-584-5200 Vol. 33, Issue No. 36, Ending Date:Sep 04, 2026



LOAN FACTORY
COMMERCIAL AND RESIDENTIAL LOANS
30Yr Fixed/Arm
SBA Loans
Bank Statement
Profit and Loss only
Construction Loans
Line of Credit
Jasdeep Singh
Cell: 253-223-3717


# ਸਿੱਖ ਜਥੇਬੰਦੀਆਂ ਨੇ ਭਾਰਤੀ ਏਜੰਸੀਆਂ ਵੱਲੋਂ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸਖਸ਼ੀਅਤ ਬਾਰੇ ਫੈਲਾਏ ਜਾ ਰਹੇ ਗੁੰਮਰਾਹਕੁਨ ਪ੍ਰਚਾਰ ਦਾ ਦਿੱਤਾ ਮੂੰਹ ਤੋੜਵਾ ਜਵਾਬ

ਸਰੀ:ਪਿਛਲੇ ਦਿਨਾਂ ਤੋਂ ਭਾਰਤੀ ਇਜੰਸੀਆਂ ਦੇ ਕਾਰਕੁੰਨ ਗੋਲਡੀ ਬਰਾੜ ਅਤੇ ਭਾਈ ਪੰਮਾ ਯੂਕੇ ਦਰਮਿਆਨ ਹੋਈ ਗੱਲਬਾਤ ਦੀ ਆਡੀਓ ਜਿਸ ਵਿੱਚ ਗੋਲਡੀ ਬਰਾੜ ਗਿਣੇਮਿਥੇ ਤਰੀਕੇ ਅਨੁਸਾਰ ਜਿੱਥੇ ਕਨੇਡਾ ਸਥਿਤ ਭਾਰਤੀ ਕੌਂਸਲਖਾਨੇ ਦੇ ਉੱਚ ਅਧਿਕਾਰੀਆਂ ਨੂੰ ਬਰੀ ਕਰਦੇ ਹੋਏ ਕਤਲ ਦੀ ਜਿੰਮੇਵਾਰੀ ਆਪਣੇ ਸਿਰ ਲੈਂਦਾ ਹੈ ਓਥੇ ਭਾਈ ਨਿੱਝਰ ਜੀ ਦੀ ਸੂਰਜ ਵਾਂਗ ਚਮਕਦੀ ਸਖ਼ਸ਼ੀਅਤ ਉੱਪਰ ਵੀ ਚਿੱਕੜ ਸੁੱਟਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਉੱਤੇ ਬਹੁਤ ਤਿੱਖਾ ਪ੍ਰਤੀਕਰਮ ਦੇਂਦਿਆਂ ਗੁਰੂ ਨਾਨਕ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਰੀ, ਟੀਮ ਜਥੇਦਾਰ ਸ਼ਹੀਦ ਭਾਈ ਨਿੱਝਰ, ਸਿੱਖ ਫਾਰ ਜਸਟਿਸ ਵੈਨਕੂਵਰ ਟੀਮ, ਟੀਮ ਯੂਐਸਐਮ ਆਈ , ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਅਤੇ ਪਿਛਲੇ ਲੰਬੇ ਸਮੇ ਤੋਂ ਗੁਰਦੁਆਰਾ ਸਾਹਿਬ ਨਾਲ ਜੁੜੀਆਂ ਹੋਈਆਂ ਸਮੂਹ ਸੰਗਤਾਂ ਨੇ ਲਗਾਏ ਜਾ ਰਹੇ ਬੇਬੁਨਿਆਦ ਦੋਸ਼ਾਂ ਨੂੰ ਮੁੱਢੋਂ ਰੱਦ ਕਰਦਿਆਂ ਇਜੰਸੀਆਂ ਦਾ ਹੱਥ ਠੋਕਾ ਬਣੇ ਹੋਏ ਲੋਕਾਂ ਨੂੰ ਸਖ਼ਤ ਸ਼ਬਦਾਂ ਵਿੱਚ ਤਾੜਨਾ ਕੀਤੀ (ਬਾਕੀ ਸਫਾ ਏ-4 ਤੇ)



## ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਬਰਸੀ 28-30 ਅਗਸਤ ਨੂੰ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਮਨਾਈ ਜਾਵੇਗੀ

(ਵਧੇਰੇ ਜਾਣਕਾਰੀ ਲਈ ਇਸ਼ਤਿਹਾਰ ਸਫਾ ਏ-9 ਤੇ ਪੜ੍ਹੋ)


**Real Estate in Seattle Area**
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਾਰੰਟੀ ਦਿੰਦੇ ਹਾਂ।

**BARRETT FINANCIAL GROUP**
ਤੁਸੀਂ ਘਰ ਖਰੀਦ, ਵੇਚ, ਰੀਫਾਇਨੈਂਸ ਜਾਂ ਆਪਣੇ ਸੁਪਨਿਆਂ ਦਾ ਨਵਾਂ ਘਰ ਬਣਾ ਰਹੇ ਹੋ ਤਾਂ ਅਸੀਂ ਲੋਨ ਜਾਂ ਮੋਰਗੇਜ ਲੈਣ ਲਈ ਭਰੋਸੇਯੋਗ ਸੇਵਾਵਾਂ ਦਿੰਦੇ ਹਾਂ
BARRETT FINANCIAL GROUP NMLS #18110
Cell:206-391-2630
Email:hgrover@barrettfinancial.com
Web:www.barrettfinancial.com/hgrover
2701 East Insight Way, Suite 150, Chandler, AZ 85286
Harmandeep Grover Mortgage Loan Originator

**John L. Scott REAL ESTATE**
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਸ਼ੀਅਲ/ਕਮਰਸ਼ੀਅਲ ਪ੍ਰਾਪਰਟੀ ਖਰੀਦਣ ਅਤੇ ਵੇਚਣ ਲਈ ਫੋਨ ਕਰੋ
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

**JK Tire Wholesaler**
CASCADE Truck & RV Wash
Located next to Love Travel Center, 1-90 Exit 106, 1608 HWY 97 Ellensburg.WA
ਜਸਬੀਰ ਸਿੰਘ ਰੀਹਲ 206-235-2168
Ph: 509.925.9273
50 ਟਰੇਲਰ ਟਾਇਰਾਂ ਦੀ ਡੀਲ $230/ਟਾਇਰ
ਕੁਲਬੀਰ ਸਿੰਘ ਰੀਹਲ 206-245-0114

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
**USA TRAVEL**
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888 , 425-420-1889

ਖੁਸ਼ਖਬਰੀ! ਖੁਸ਼ਖਬਰੀ! ਖੁਸ਼ਖਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell:206-446-9366
Office:253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

**REAL ESTATE**
ਕਿਸੇ ਵੀ ਤਰ੍ਹਾਂ ਦੀ ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
MCNE, CBA, MLS
Master Certified Negotiation Expert
Cell: 206-766-0551
KELLER WILLIAMS REALTY
Email: sakatersingh@yahoo.com

**Ozone Roofing LLC**
Seattle, Tacoma & Everett ਵਿਚ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੀ ਰੂਫਿੰਗ ਦਾ ਕੰਮ ਤਸੱਲੀਬਖਸ਼ ਕਰਦੇ ਹਾਂ
Free Estimate
For Best Quotes Contact:
JD Singh 1-253-350-0341
Licensed, Bonded & Insured

Over 30 Years of Industry Experience
**MULTANI LAW GROUP**
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
Jashan Multani 206-243-4219
Gerald F. Robison Senior Attorney
Jashan Multani Associate Partner
Services we provide: ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ
-Immigration/Political Asylum -ਇਮੀਗਰੇਸ਼ਨ/ਪੁਲਿਟੀਕਲ ਅਸਾਈਲਮ,
U-Visa, Vawa ਯੂ-ਵੀਜ਼ਾ, ਵਾਅਵਾ
-SIJ Guardianship Cases -ਸਿਜ ਗਾਰਡੀਅਨਸ਼ਿਪ ਕੇਸ
- Personal Injury/Car Accidents -ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
- Evictions -ਕਿਰਾਏਦਾਰ ਕੱਢਣਾ
Website:multanilawgroup.com
Email:Jashan@multanilawgroup.com
Add: 13106 S. East 240th St., #110, Kent, WA 98031

FOREVER ROOFING
Licensed,Bonded & Insured
(FOREVRH874MJ)
PAWANDEEP JOSAN
Marketing Manager
Free Estimate
2062613683
Check us on
Forever Roofing
Web:Foreverroofing.net
Email:info@foreverroofing.net

**HUMBLE SANDHU SERVICES**
"We help you help yourself"
*Immigration *Tax *Notary
Services We Provide
•Business & Personal Tax ਬਿਜਨਸ ਅਤੇ ਪਰਸਨਲ ਟੈਕਸ, ਹੈਲਥ ਪਾਲਿਸ,
•Indian Visa & OCI Applications ਇੰਮੀਗਰੇਸ਼ਨ ਫਾਰਮ ਭਰਨ ਵਿਚ ਮੱਦਦ,
•Health Plans ਇੰਡੀਅਨ ਵੀਜ਼ਾ & ਓਸੀਆਈ ਵਿਚ ਮੱਦਦ
Kent:253-338-9487
Puyallup:253-407-4723
Bellingham:360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
Harpreet Parmar
Financial Services Professional
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033
JASMEEN KAUR

**BALBIR SINGH NIJJAR**
Senior Loan Originator
ਮੋਰਗੇਜ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

**Real Estate Expert**
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residencial & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center


Reshmi's Group
ETHNIC FOOD DISTRIBUTOR
444 PREMIUM BASMATI RICE
AVAILABLE IN 3 SIZES
40LBS, 20LBS, 8LBSS
444™
XXL PREMIUM BASMATI RICE
AROMATIC HIMALAYAN LONG GRAIN
RICH IN VITAMIN B
SUPPORTS DIGESTION
NET WT 40 LB (14.14 KG)
444
AGED
XXL PREMIUM BASMATI RICE
RIZ BASMATI PREMIUM XXL
NET WT.: 20 LBS / 9.08 KG
FROM THE FOOT HILLS OF HIMALAYA
FROM THE REIGION OF
AMRITSAR, PUNJAB
PRODUCT OF INDIA
PURE BASMATI RICE
444
AGED
Extra Long Grain
Naturally Aromatic
Non-GMO & Gluten-Free
Perfect for Biryani & Pulav
BUY NOW
For Wholesale Order at :
1120 Andover Park E,Tukwila, WA 98188,
T: (206) 575-0050,E: sales@reshmisgroup.com.



# DIAMONDS!

Diamond Necklace
Wedding Sets
and
Wedding Rings

**50% off**

Come see our collection

## ਡਾਇਮੰਡਜ !

ਅਸੀਂ ਹਣ ਡਾਇਮੰਡ ਨੈਕ੍ਰਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ

**50% off**

ਆ ਕੇ ਕੁਲੈਕਸ਼ਨ ਦੇਖੋ

# Season Special!

Visit our store for special pricing when buying
50 grams or more of 22k Gold Jewelry!

# ਸੀਜਨ ਸਪੈਸ਼ਲ !

ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।

**CASH FOR GOLD**

ਸੋਨੇ ਬਦਲੇ
ਡਾਲਰ ਲਉ

ਸਾਡੀਆਂ
ਕੀਮਤਾਂ
ਬਹੁਤ
ਘੱਟ ਹਨ

# TAJ JEWELERS

**TRADE YOUR OLD GOLD FOR NEW JEWELRY**

ਆਪਣੇ ਪੁਰਾਣੇ
ਗਹਿਣਿਆਂ ਬਦਲੇ
ਨਵੇਂ ਫੈਸ਼ਨ ਦੇ
ਗਹਿਣੇ ਲਉ

UNIQUELY DESIGNED 22KT GOLD JEWELRY

WE SELL FOR LESS

# ਤਾਜ਼ ਜਿਊਲਰਜ਼

22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ

**Ph:253-981-3071**

**10120 SE 260th St. Suite 110, Kent, WA 98030**

Open: 7 Days Tuesday to Sunday 11am to 7pm, Mon 11am to 6pm    ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

# ਭਾਰਤ ਸਰਕਾਰ ਵੱਲੋਂ ਨਿੱਝਰ ਕਤਲ ਨੂੰ ਗੈਂਗਵਾਰ ਜਾਂ ਨਿੱਜੀ ਰੰਜਿਸ਼ ਵਜੋਂ ਪੇਸ਼ ਕਰਨ ਦੀ ਕੋਸ਼ਿਸ਼

## ਗੁਰਪਤਵੰਤ ਪੰਨੂੰ ਵੱਲੋਂ ਸ਼ਹੀਦ ਭਾਈ ਨਿੱਝਰ ਕਤਲ ਮਾਮਲੇ ਵਿੱਚ ਕਤਲ ਲਈ ਬਰਾੜ ਨੂੰ ਦਿੱਤੀ ਰਕਮ ਦੇ ਸਬੂਤ ਜਾਰੀ ਕਰਨ ਦਾ ਦਾਅਵਾ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਿੱਖਸ ਫਾਰ ਜਸਟਿਸ ਵੱਲੋਂ ਸ਼ਹੀਦ ਹਰਦੀਪ ਸਿੰਘ ਨਿੱਜਰ ਦੇ ਕਤਲ ਮਾਮਲੇ ਨੂੰ ਲੈ ਕੇ ਕਥਿਤ ਤੌਰ 'ਤੇ 'ਕਤਲ ਲਈ ਦਿੱਤੀ ਰਕਮ' ਨਾਲ ਸਬੰਧਤ ਨਵੇਂ ਸਬੂਤ ਜਾਰੀ ਕਰਨ ਦਾ ਦਾਅਵਾ ਕੀਤਾ ਗਿਆ ਹੈ। ਜਥੇਬੰਦੀ ਦੇ ਜਨਰਲ ਕਾਊਂਸਲ ਗੁਰਪਤਵੰਤ ਸਿੰਘ ਪੰਨੂ ਨੇ ਦੋਸ਼ ਲਾਇਆ ਕਿ ਨਿੱਜਰ ਦੇ ਕਤਲ ਦੇ ਕਥਿਤ ਹਮਲਾਵਰ ਕਰਨ ਬਰਾੜ ਤੱਕ ਰਕਮ ਪਹੁੰਚਾਈ ਗਈ ਅਤੇ ਇਸ ਪਿੱਛੇ ਭਾਰਤੀ ਖੁਫੀਆ ਏਜੰਸੀ 'ਰਾਅ' ਦੀ ਭੂਮਿਕਾ ਸੀ। ਜਾਰੀ ਕੀਤੀ ਕਥਿਤ ਤਸਵੀਰ ਵਿੱਚ ਕਰਨ ਬਰਾੜ ਦੇ ਹੱਥ ਵਿੱਚ ਹਥਿਆਰ ਅਤੇ ਵੱਡੀ ਮਾਤਰਾ ਵਿੱਚ ਨਕਦੀ ਦਿਖਾਈ ਦੇਣ ਦਾ ਦਾਅਵਾ ਕੀਤਾ ਗਿਆ ਹੈ, ਜਿਸ ਦੀ ਕੀਮਤ ਲਗਭਗ ਇੱਕ ਲੱਖ ਡਾਲਰ ਦੱਸੀ ਗਈ ਹੈ। ਪੰਨੂ ਅਨੁਸਾਰ ਕੈਨੇਡਾ ਤੋਂ ਸਤੰਬਰ 2023 ਵਿੱਚ ਕੱਢੇ ਗਏ ਕਥਿਤ 'ਰਾਅ' ਅਧਿਕਾਰੀ ਪਵਨ ਕੁਮਾਰ ਰਾਏ ਨੇ ਨਿੱਜਰ ਕਤਲ ਲਈ ਬਣਾਈ ਗਈ ਕਥਿਤ ਟੀਮ ਨੂੰ ਤਿੰਨ ਲੱਖ ਡਾਲਰ ਤੋਂ ਵੱਧ ਦੀ ਰਕਮ ਮੁਹੱਈਆ ਕਰਵਾਉਣ ਵਿੱਚ ਭੂਮਿਕਾ ਨਿਭਾਈ। ਸਿੱਖਸ ਫਾਰ ਜਸਟਿਸ ਦਾ ਦਾਅਵਾ ਹੈ ਕਿ ਇਸ ਰਕਮ ਰਾਹੀਂ ਕਥਿਤ ਹਮਲੇ ਲਈ ਲੋੜੀਂਦੇ ਵਿੱਤੀ, ਖੁਫੀਆ ਅਤੇ ਹੋਰ ਪ੍ਰਬੰਧ ਕੀਤੇ ਗਏ। ਪੰਨੂ ਨੇ ਇਹ ਵੀ ਦੋਸ਼ ਲਾਇਆ ਕਿ ਭਾਰਤ ਸਰਕਾਰ ਵੱਲੋਂ ਨਿੱਜਰ ਕਤਲ ਨੂੰ ਗੈਂਗਵਾਰ ਜਾਂ ਨਿੱਜੀ ਰੰਜਿਸ਼ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦਕਿ ਉਨ੍ਹਾਂ ਮੁਤਾਬਕ ਇਹ ਕਾਰਵਾਈ ਸੀ। ਸਿੱਖਸ ਫਾਰ ਜਸਟਿਸ ਨੇ ਕੈਨੇਡਾ ਦੀਆਂ ਖੁਫੀਆ ਏਜੰਸੀਆਂ ਅਤੇ ਸਰਕਾਰੀ ਵਕੀਲਾਂ ਤੋਂ ਮੰਗ ਕੀਤੀ ਹੈ ਕਿ ਕਥਿਤ 'ਰਾਅ ਵੱਲੋਂ ਕੀਤੀ ਗਈ ਵਿੱਤੀ ਅਦਾਇਗੀ ਦੀ ਲੜੀ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਜੇਕਰ ਕਿਸੇ ਅਧਿਕਾਰੀ ਦੀ ਭੂਮਿਕਾ ਸਾਬਤ ਹੁੰਦੀ ਹੈ ਤਾਂ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜਥੇਬੰਦੀ ਦਾ ਦਾਅਵਾ ਹੈ ਕਿ ਪੈਸੇ ਦੀ ਕਥਿਤ ਲੜੀ ਸਾਹਮਣੇ ਆਉਣ ਨਾਲ ਨਿੱਜਰ ਕਤਲ ਮਾਮਲੇ ਦੀ ਜਾਂਚ ਨੂੰ ਨਵਾਂ ਪੱਖ ਮਿਲ ਸਕਦਾ ਹੈ। ਹਾਲਾਂਕਿ, ਸਿੱਖਸ ਫਾਰ ਜਸਟਿਸ ਵੱਲੋਂ ਜਾਰੀ ਕੀਤੇ ਦਾਅਵਿਆਂ ਅਤੇ ਸਮੱਗਰੀ ਦੀ ਸੁਤੰਤਰ ਪੁਸ਼ਟੀ ਨਹੀਂ ਹੋਈ ਹੈ ਅਤੇ ਇਨ੍ਹਾਂ ਦੋਸ਼ਾਂ ਦੀ ਅੰਤਿਮ ਪੁਸ਼ਟੀ ਜਾਂ ਖੰਡਨ ਜਾਂਚ ਅਤੇ ਅਦਾਲਤੀ ਕਾਰਵਾਈ ਰਾਹੀਂ ਹੀ ਹੋ ਸਕੇਗਾ।


# TUKWILA DENTAL CENTER

**NEW PATIENTS & EMERGENCIES WELCOME**
**GENERAL DENTISTRY FOR ALL AGES**

*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | |
|---|---|
| Monday | 9AM - 6PM |
| Tuesday | 9AM - 6PM |
| Wednesday | 9AM - 6PM |
| Thursday | 9AM - 6PM |
| Friday | 8AM - 4PM |

*(Fellow & Master Academy of General Dentistry)*

**DENTAL LAB ON PREMISES**

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860


# (ਮੁੱਖ ਪੰਨੇ ਦੀ ਬਾਕੀ)

ਅਤੇ ਜਥੇਦਾਰ ਭਾਈ ਨਿੱਝਰ ਦੇ ਸੰਘਰਸ਼ੀ ਧਰਮ ਦੀ ਕਿਰਤ ਕਰਨ ਵਾਲੇ ਲੋਕ ਪੱਖੀ ਜੀਵਨ ਦੀ ਭਰਵੀਂ ਸ਼ਲਾਘਾ ਕਰਦਿਆਂ ਨਿੰਦਕਾਂ ਪ੍ਰਤੀ ਪੂਰੇ ਸੰਸਾਰ ਅਤੇ ਸਿੱਖ ਕੌਮ ਨੂੰ ਸੁਚੇਤ ਕੀਤਾ ।

ਭਾਈ ਨਿੱਝਰ ਨੇ ਸਮੁੱਚਾ ਜੀਵਨ ਹੱਥੀਂ ਕਿਰਤ ਕਰਨੀ, ਲੋੜਵੰਦਾਂ ਦੀ ਮੱਦਦ, ਗੁਰੂ ਘਰ ਦੀ ਸੇਵਾ, ਸ਼ਹੀਦ ਪਰਿਵਾਰਾਂ ਦੀ ਸਾਂਭ-ਸੰਭਾਲ ਤੇ ਕੋਮੀ ਅਜ਼ਾਦੀ ਖਾਲਿਸਤਾਨ ਲਈ ਹਰ ਤਰ੍ਹਾਂ ਜੂਝਦੇ ਹੋਏ ਅਤੇ ਚੱਲ ਰਹੇ ਮੋਜੂਦਾ ਖਾਲਿਸਤਾਨ ਰੈਫਰੈਂਡਮ ਦੇ ਸੰਘਰਸ਼ ਵਿੱਚ ਆਪਣੀ ਸ਼ਹਾਦਤ ਦਿੱਤੀ ਜਿਸ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ ਅਤੇ ਓਹਨਾਂ ਵੱਲੋਂ ਕੌਮੀ ਅਜ਼ਾਦੀ ਦੀ ਪ੍ਰਾਪਤੀ ਲਈ ਚੱਲ ਰਹੇ ਸੰਘਰਸ਼ ਵਿੱਚ ਡੱਟ ਕੇ ਪਹਿਰਾ ਦੇਣ ਦਾ ਪਹੁੰਚੇ ਹੋਏ ਸਮੂਹ ਬੁਲਾਰਿਆਂ ਨੇ ਵਚਨਬੱਧਤਾ ਦੁਹਰਾਈ।

ਸ਼ਾਮਿਲ ਹੋਣ ਵਾਲਿਆਂ ਵਿੱਚ ਗੁਰਦੁਆਰਾ ਸਾਹਿਬ ਦੇ ਵਾਈਸ ਪ੍ਰਧਾਨ ਅਤੇ ਟੀਮ ਸ਼ਹੀਦ ਭਾਈ ਨਿੱਝਰ ਦੇ ਮੁੱਖ ਸੇਵਾਦਾਰ ਭਾਈ ਗੁਰਮੀਤ ਸਿੰਘ ਗਿੱਲ, ਸਕੱਤਰ ਭਾਈ ਗੁਰਮੀਤ ਸਿੰਘ ਤੂਰ, ਸਕੱਤਰ ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ,ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਦੇ ਭਾਈ ਰਣਜੀਤ ਸਿੰਘ ਖਾਲਸਾ ਅਕਾਲੀ ਦਲ ਅੰਮ੍ਰਿਤਸਰ ਬੀਸੀ ਦੇ ਪ੍ਰਧਾਨ ਭਾਈ ਹਰਬੰਸ ਸਿੰਘ ਔਜਲਾ ਅਤੇ ਭਾਈ ਜਗਸੀਰ ਸਿੰਘ ਸਿੱਧੂ, ਭਾਈ ਰਾਜਿੰਦਰ ਸਿੰਘ ਨੱਤ, ਭਾਈ ਰਾਜਬੀਰ ਸਿੰਘ ਤੂਰ, ਭਾਈ ਦਲਜੀਤ ਸਿੰਘ, ਯੂਐਸ ਐਮ ਆਈ ਦੇ ਜਗਦੀਪ ਸਿੰਘ ਪੱਨੂ, ਪਵਨ ਸਿੰਘ ਭਾਈ ਜੋਗਾ ਸਿੰਘ ਭਾਈ ਹਰਜਿੰਦਰ ਸਿੰਘ ਅਕਾਸ਼ ਸਿੰਘ ਆਦਿ ਅਤੇ ਸ਼ਫਝ ਨਾਲ ਸਬੰਧਤ ਸਿੰਘ ਅਤੇ ਗੁਰਦੁਆਰਾ ਸਾਹਿਬ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਭਾਈ ਨਿੱਝਰ ਜਿੰਦਾਬਾਦ ਖਾਲਿਸਤਾਨ ਜਿੰਦਾਬਾਦ ਦੇ ਅਕਾਸ਼ਗੂੰਜਾਊ ਨਾਹਰੇ ਲਗਾਏ ਅਤੇ ਪ੍ਰਣ ਲਿਆ ਕਿ ਭਾਈ ਨਿੱਝਰ ਜੀ ਦੀ ਸੋਚ ਤੇ ਡਟ ਕੇ ਪਹਿਰਾ ਦਿੱਤਾ ਜਾਵੇਗਾ ਅਤੇ ਖਾਲਿਸਤਾਨ ਰੈਫਰੈਂਡਿਮ ਦੀ ਮੁਹਿੰਮ ਦੀ ਸਫਲਤਾ ਵਾਸਤੇ ਵੱਧਚੜ ਕੇ ਹਿੱਸਾ ਪਾਇਆ ਜਾਵੇਗਾ।

ਸ਼ਮੂਲੀਅਤ ਕਰਨ ਵਾਲੇ ਸਮੂਹ ਸੰਗਤਾਂ ਦਾ ਭਾਈ ਗਿੱਲ ਵੱਲੋਂ ਧੰਨਵਾਦ ਕੀਤਾ ਗਿਆ।


# Complete Dental Care

**New & Emergency Patients Welcome**

- -Family & Cosmetic Dentistry
- -Root Canals, Wisdom Teeth Removal, Metal-free Restorations
- -Bleeching, Veneer, Bonding
- -Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714
SUITE #1, 10725 SE 256TH ST, KENT, WA

# ਗੁਰਦੁਆਰਾ ਸਿੰਘ ਸਭਾ ਰੈਂਟਨ ਸਿਆਟਲ


(ਵਾਸ਼ਿੰਗਟਨ)

5200 Talbot, South-Renton (Seattle) Ph. (425) 226-2277



## ਬਰਸੀ ਸੰਤ ਬਾਬਾ ਈਸ਼ਰ ਸਿੰਘ ਜੀ

## ਰਾੜਾ ਸਾਹਿਬ ਵਾਲੇ



ਸੰਤ ਬਾਬਾ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਨੇ ਆਪਣੇ ਜੀਵਨ ਵਿਚ ਲੱਖਾਂ ਪ੍ਰਾਣੀਆਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਦੇਸ਼ ਵਿਦੇਸ਼ ਵਿਚ ਪਹੁੰਚ ਕੇ ਸਿੱਖੀ ਦਾ ਪ੍ਰਚਾਰ ਕੀਤਾ ਤੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ। ਉਨ੍ਹਾਂ ਵੱਲੋਂ ਸਿੱਖੀ ਪ੍ਰਚਾਰ ਵਿਚ ਨਿਭਾਈ ਭੂਮਿਕਾ ਨੂੰ ਸਿੱਖ ਕੌਮ ਹਮੇਸ਼ਾ ਯਾਦ ਰੱਖੇਗੀ।

ਆਓ ਸਾਰੇ ਰਲ ਮਿਲ ਕੇ ਉਸ ਮਹਾਨ ਆਤਮਾ ਦੀ ਬਰਸੀ ਮਨਾਉਂਦੇ ਹੋਏ ਸਾਰੇ ਗੁਰਦੁਆਰਾ ਸਿੰਘ ਸਭਾ ਸਿਆਟਲ ਵਿਖੇ ਇਕੱਤਰ ਹੋਈਏ। ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦੀ ਕੋਸ਼ਿਸ਼ ਕਰੀਏ। ਉਨ੍ਹਾਂ ਦੇ ਜੀਵਨ ਦੇ ਵਿਲੱਖਣ ਕਾਰਨਾਮਿਆਂ ਨੂੰ ਯਾਦ ਕਰੀਏ, ਸਿੱਖੀ ਦੇ ਇਸ ਬੂਟੇ ਦੀ ਸੇਵਾ ਤੇ ਵਧਣ-ਫੁੱਲਣ ਵਿਚ ਆਪਣਾ ਯੋਗਦਾਨ ਪਾਈਏ।

## ਪ੍ਰੋਗਰਾਮਾਂ ਦਾ ਵੇਰਵਾ

**ਆਰੰਭ ਸ੍ਰੀ ਅਖੰਡਪਾਠ ਸਾਹਿਬ 28 ਅਗਸਤ ਦਿਨ ਸ਼ੁੱਕਰਵਾਰ ਸਵੇਰੇ 10 ਵਜੇ**

**ਭੋਗ ਸ੍ਰੀ ਅਖੰਡਪਾਠ ਸਾਹਿਬ 30 ਅਗਸਤ ਦਿਨ ਐਤਵਾਰ ਸਵੇਰੇ 10 ਵਜੇ**

ਰੋਜ਼ਾਨਾ ਸ਼ਾਮ ਵੇਲੇ ਅਤੇ ਐਤਵਾਰ ਭਾਰੀ ਦੀਵਾਨ ਸਜਣਗੇ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਪੂਰਾ ਹਫ਼ਤਾ ਜੀਵਨ ਦੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਗੁਰੂ ਘਰ ਹਾਜ਼ਰੀਆਂ ਭਰੋ ਜੀ। ਤਨ, ਮਨ, ਧਨ ਨਾਲ ਸੇਵਾਵਾਂ ਵਿਚ ਹਿੱਸਾ ਪਾਓ। ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

## Contact for Information

206-841-1431 | 206-604-9539

206-380-4877 | 206-405-0855

ਹੋਰ ਜਾਣਕਾਰੀ ਲਈ ਸੰਪਰਕ ਕਰੋ : ਪ੍ਰਬੰਧਕ ਕਮੇਟੀ, ਗੁਰਦੁਆਰਾ ਸਿੰਘ ਸਭਾ, ਵਾਸ਼ਿੰਗਟਨ 425-226-2277

# ‘ਸਰਹੱਦੀ ਵਿਵਾਦ’:ਚੀਨ ਨਾਲ ਗੱਲਬਾਤ ਪਾਕਿਸਤਾਨ ਨਾਲ ਜੰਗ

ਦਿੱਲੀ: ਜਦੋਂ ਪਾਕਿਸਤਾਨ ਨਾਲ ਸਰਹੱਦੀ ਮਸਲੇ ਦੀ ਗੱਲ ਆਉਂਦੀ ਹੈ ਤਾਂ ਉਥੇ ਜੰਗ ਰਾਹੀਂ ਮਸਲਾ ਹੱਲ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ ਪਰ ਭਾਰਤ ਵੱਲੋਂ ਚੀਨ ਨਾਲ ਸਰਹੱਦੀ ਵਿਵਾਦਾਂ ਨੂੰ ਬੰਦੂਕਾਂ ਨਾਲ ਨਹੀਂ, ਕੂਟਨੀਤੀ ਰਾਹੀਂ ਹੱਲ ਕਰਨ ਲਈ ਜੋਰ ਦਿੱਤਾ ਜਾਂਦਾ ਹੈ।ਭਾਰਤ ਅਤੇ ਚੀਨ 3,448 ਕਿਲੋਮੀਟਰ ਲੰਬੀ ਵਿਵਾਦਤ ਸਰਹੱਦ ਸਾਂਝੀ ਕਰਦੇ ਹਨ, ਜਿਸਨੂੰ ਅਸਲ ਕੰਟਰੋਲ ਰੇਖਾ ਕਿਹਾ ਜਾਂਦਾ ਹੈ। ਇਹ ਇੱਕ ਅਣ-ਨਿਸ਼ਾਨਬੱਧ ਸਰਹੱਦ ਹੈ, ਜਿਸ ਕਾਰਨ ਵਿਵਾਦ ਪੈਦਾ ਹੁੰਦੇ ਹਨ।ਅਜੀਤ ਡੋਵਾਲ ਅਤੇ ਵਾਂਗ ਯੀ ਵਿਚਕਾਰ ਇੱਕ ਵੱਡੀ ਮੀਟਿੰਗ ਬੀਜਿੰਗ ਵਿੱਚ ਹੋਈ। ਜਿਸ ਵਿੱਚ ਭਾਰਤ ਅਤੇ ਚੀਨ ਨੇ ਸਰਹੱਦੀ ਵਿਵਾਦ ਦੇ “ਰਾਜਨੀਤਿਕ ਹੱਲ” ‘ਤੇ ਇਹ ਮਹੱਤਵਪੂਰਨ ਫੈਸਲਾ ਲਿਆ ਹੈ।ਸੂਤਰਾਂ ਅਨੁਸਾਰ ਚੀਨ ਤੇ ਭਾਰਤ ਵਿਚਕਾਰ ਇੱਕ ਬਫਰ ਜ਼ੋਨ ਬਣਾਉਣ ‘ਤੇ ਚਰਚਾ ਕੀਤੀ ਗਈ।ਰਾਜਨੀਤਕ ਮਾਹਰਾਂ ਦਾ ਤਰਕ ਹੈ ਕਿ ਜੇਕਰ ਚੀਂਨ ਨਾਲ ਗੱਲਬਾਤ ਹੋ ਸਕਦੀ ਹੈ ਤਾਂ ਫਿਰ ਪਾਕਿਸਤਾਨ ਨਾਲ ਵੀ ਕਸ਼ਮੀਰ ਵਰਗੇ ਮਸਲੇ ਹੱਲ ਕਰਨੇ ਚਾਹੀਦੇ ਹਨ।

ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ


Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ ਲੇਟੈਸਟ ਡਿਜਾਈਨਾਂ ਵਿਚ ਲਵੋ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਅਮਰੀਕਾ ਨੇ ਈਰਾਨ ‘ਤੇ ਪਾਬੰਦੀਆਂ ਸਖ਼ਤ ਕੀਤੀਆਂ:ਭਾਰਤੀ ਵਪਾਰ ਵੀ ਹੋਵੇਗਾ ਪ੍ਰਭਾਵਿਤ

ਵਾਸ਼ਿੰਗਟਨ:-ਅਮਰੀਕਾ ਨੇ ‘ਆਪ੍ਰੇਸ਼ਨ ਇਕਨਾਮਿਕ ਆਊਟਕਾਸਟ’ ਰਾਹੀਂ ਈਰਾਨ ਵਿਰੁੱਧ ਆਪਣੀਆਂ ਸਭ ਤੋਂ ਸਖ਼ਤ ਆਰਥਿਕ ਪਾਬੰਦੀਆਂ ਦਾ ਐਲਾਨ ਕੀਤਾ ਹੈ। ਇਨ੍ਹਾਂ ਪਾਬੰਦੀਆਂ ਵਿੱਚ ਈਰਾਨ ਨਾਲ ਵਪਾਰ ਕਰਨ ਵਾਲੀਆਂ ਵਿਸ਼ਵਵਿਆਪੀ ਕੰਪਨੀਆਂ ਸ਼ਾਮਲ ਹਨ, ਜਿਨ੍ਹਾਂ ਵਿੱਚ ਭਾਰਤ ਦੀਆਂ ਚਾਰ ਕੰਪਨੀਆਂ ਵੀ ਸ਼ਾਮਲ ਹਨ। ਇਹ ਪਾਬੰਦੀਆਂ ਭਾਰਤ-ਇਰਾਨ ਵਪਾਰ ਅਤੇ ਚਾਬਹਾਰ ਬੰਦਰਗਾਹ ਪ੍ਰੋਜੈਕਟ ਨੂੰ ਪ੍ਰਭਾਵਿਤ ਕਰਨਗੀਆਂ।

ਅਮਰੀਕੀ ਖਜ਼ਾਨਾ ਵਿਭਾਗ ਅਤੇ ਅਮਰੀਕੀ ਵਿਦੇਸ਼ ਵਿਭਾਗ ਨੇ ਸੋਮਵਾਰ ਨੂੰ ਈਰਾਨ ਵਿਰੁੱਧ ਪਾਬੰਦੀਆਂ ਦੇ ਇੱਕ ਵਿਆਪਕ ਸਮੂਹ ਦਾ ਐਲਾਨ ਕੀਤਾ, ਜਿਸਨੂੰ ‘ਆਪ੍ਰੇਸ਼ਨ ਇਕਨਾਮਿਕ ਆਊਟਕਾਸਟ’ ਕਿਹਾ ਜਾਂਦਾ ਹੈ। ਇਨ੍ਹਾਂ ਪਾਬੰਦੀਆਂ ਦਾ ਉਦੇਸ਼ ਈਰਾਨ ਨੂੰ ਵਿਸ਼ਵ ਵਿੱਤੀ ਨੈੱਟਵਰਕਾਂ ਤੋਂ ਅਲੱਗ ਕਰਨਾ ਹੈ। ਇਨ੍ਹਾਂ ਪਾਬੰਦੀਆਂ ਦੇ ਤਹਿਤ, ਅਮਰੀਕਾ ਨੇ ਈਰਾਨ ਦੇ ਪੈਟਰੋਲੀਅਮ, ਪੈਟਰੋਕੈਮੀਕਲ, ਸ਼ਿਪਿੰਗ, ਡਿਜੀਟਲ ਸੰਪਤੀ ਅਤੇ ਫੌਜੀ ਖਰੀਦ ਨੈੱਟਵਰਕਾਂ ਨੂੰ ਨਿਸ਼ਾਨਾ ਬਣਾਇਆ ਹੈ। ਭਾਰਤ-ਅਧਾਰਤ ਚਾਰ ਕੰਪਨੀਆਂ ਅਤੇ ਇੱਕ ਭਾਰਤੀ ਨਾਗਰਿਕ ਵੀ ਅਮਰੀਕੀ ਪਾਬੰਦੀਆਂ ਤੋਂ ਪ੍ਰਭਾਵਿਤ ਹੋਏ ਹਨ। ਅਜਿਹੀ ਸਥਿਤੀ ਵਿੱਚ, ਅਮਰੀਕੀ ਪਾਬੰਦੀਆਂ ਦਾ ਚਾਬਹਾਰ ਬੰਦਰਗਾਹ ਪ੍ਰੋਜੈਕਟ ਅਤੇ ਭਾਰਤ-ਈਰਾਨ ਦੁਵੱਲੇ ਵਪਾਰ ‘ਤੇ ਅਸਰ ਪੈਣ ਦਾ ਡਰ ਹੈ। ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਦੁਆਰਾ ਐਲਾਨਿਆ ਗਿਆ ਆਪਰੇਸ਼ਨ ਇਕਨਾਮਿਕ ਆਊਟਕਾਸਟ, ਇੱਕ ਵਿਆਪਕ ਆਰਥਿਕ ਮੁਹਿੰਮ ਹੈ ਜਿਸਦਾ ਉਦੇਸ਼ ਈਰਾਨੀ ਸਰਕਾਰ ਨੂੰ ਅੰਤਰਰਾਸ਼ਟਰੀ ਪੂੰਜੀ ਬਾਜ਼ਾਰਾਂ ਅਤੇ ਵਿਦੇਸ਼ੀ ਮੁਦਰਾ ਤੱਕ ਪਹੁੰਚ ਰੋਕਣਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ, ਸਿੰਗਾਪੁਰ, ਸੰਯੁਕਤ ਅਰਬ ਅਮੀਰਾਤ ਅਤੇ ਸਵਿਟਜ਼ਰਲੈਂਡ ਸਮੇਤ ਕਈ ਅਧਿਕਾਰ ਖੇਤਰਾਂ ਵਿੱਚ ਫੈਲੀਆਂ ਲਗਭਗ 60 ਸੰਸਥਾਵਾਂ, ਵਿਅਕਤੀਆਂ ਅਤੇ ਜਹਾਜ਼ਾਂ ‘ਤੇ ਪਾਬੰਦੀਆਂ ਲਗਾਈਆਂ ਹਨ। ਇਹ ਪਾਬੰਦੀਆਂ ਪੈਟਰੋਲੀਅਮ ਅਤੇ ਪੈਟਰੋ ਕੈਮੀਕਲ ਨਿਰਯਾਤ, ਗੈਰ-ਕਾਨੂੰਨੀ ਸ਼ਿਪਿੰਗ ਨੈਟਵਰਕ, ਡਿਜੀਟਲ ਸੰਪਤੀ ਐਕਸਚੇਂਜ, ਸੋਨੇ ਦੇ ਵਪਾਰ ਅਤੇ ਦੋਹਰੀ-ਵਰਤੋਂ ਤਕਨਾਲੋਜੀ ਦੀ ਖਰੀਦ ਨੂੰ ਨਿਸ਼ਾਨਾ ਬਣਾਉਂਦੀਆਂ ਹਨ।

## ਕੀ ਭਾਰਤ ਦੇ ਸਭ ਤੋਂ ਵੱਡੇ ਮੁਸਲਿਮ ਦੋਸਤ ਨੇ ਧੋਖਾ ਦਿੱਤਾ ਹੈ?


ਕਾਹਿਰਾ: ਚੀਨ ਦਾ ਉੱਨਤ ਜੇ-16 ਲੜਾਕੂ ਜਹਾਜ਼ ਰਾਫੇਲ ਲੜਾਕੂ ਜਹਾਜ਼ ਨਾਲ ਫੌਜੀ ਸਿਖਲਾਈ ਕਰਨ ਲਈ ਤਹਿ ਕੀਤਾ ਗਿਆ ਹੈ। ਇਹ ਬੀਜਿੰਗ ਨੂੰ ਪੱਛਮੀ ਪਲੇਟਫਾਰਮਾਂ ਦੇ ਵਿਰੁੱਧ ਆਪਣੀਆਂ ਸਮਰੱਥਾਵਾਂ ਦੀ ਪਰਖ ਕਰਨ ਦਾ ਇੱਕ ਦੁਰਲੱਭ ਮੌਕਾ ਪ੍ਰਦਾਨ ਕਰੇਗਾ। ਪਿਛਲੇ ਸਾਲ ਭਾਰਤ-ਪਾਕਿਸਤਾਨ ਟਕਰਾਅ ਦੌਰਾਨ ਫਰਾਂਸੀਸੀ ਜਹਾਜ਼ਾਂ ਦੇ ਵਿਰੁੱਧ ਚੀਨ ਦੇ ਜੇ-10 ਦੇ ਲੜਾਕੂ ਪ੍ਰਦਰਸ਼ਨ ਨੇ ਕਾਫ਼ੀ ਧਿਆਨ ਖਿੱਚਿਆ। ਹੁਣ, ਇਹ ਡਰ ਹੈ ਕਿ ਚੀਨੀ ਹਵਾਈ ਸੈਨਾ ਨੇ ਰਾਫੇਲ ਦੀਆਂ ਗੁਪਤ ਵਿਸ਼ੇਸ਼ਤਾਵਾਂ ਬਾਰੇ ਦੁਰਲੱਭ ਜਾਣਕਾਰੀ ਪ੍ਰਾਪਤ ਕਰਕੇ, ਜਿਸਦੀ ਵਰਤੋਂ ਉਹ ਭਾਰਤ ਵਿਰੁੱਧ ਕਾਰਵਾਈਆਂ ਦੀ ਯੋਜਨਾ ਬਣਾਉਣ ਵਿੱਚ ਕਰ ਸਕਦੀ ਹੈ। ਮਿਸਰ ਦੀ ਫੌਜ ਦੁਆਰਾ ਜਾਰੀ ਕੀਤੀਆਂ ਗਈਆਂ ਫੋਟੋਆਂ ਦੇ ਅਨੁਸਾਰ, ਜੇ-16 ਅਤੇ ਰਾਫੇਲ ਇਸ ਸਾਲ ਮਿਸਰ ਵਿੱਚ ਸਾਂਝੇ ਹਵਾਈ ਅਭਿਆਸ ਵਿੱਚ ਹਿੱਸਾ ਲੈ ਰਹੇ ਹਨ। ਭਾਰਤ ਇਸ ਕਾਰਵਾਈ ਨੂੰ ਧੋਖਾ ਕਰਾਰ ਦੇ ਰਿਹਾ ਹੈ। ਕਿਉਂਕਿ ਭਾਰਤ ਦੀ ਟੇਕ ਰਾਫੇਲ ਤੇ ਹੈ ਜੇਕਰ ਰਾਫੇਲ ਦੇ ਭੇਦ ਚੀਨ ਹੱਥ ਲੱਗਦੇ ਹਨ ਤਾਂ ਇਹ ਜਹਾਜ਼ ਕਿਸਮ ਦੇ ਚੀਨ ਸਾਹਮਣੇਂ ਨਕਾਰਾ ਹੋ ਜਾਣਗੇ।

## ‘ਅੰਮ੍ਰਿਤਪਾਲ ਹੀ ਲੜੇਗਾ ਚੋਣ’




ਅੰਮ੍ਰਿਤਸਰ: ਖਡੂਰ ਸਾਹਿਬ ਤੋਂ ਜੇਲ੍ਹ ਵਿੱਚ ਬੰਦ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਪਰਵਾਰ ਦਾ ਕੋਈ ਵੀ ਹੋਰ ਮੈਂਬਰ ਚੋਣਾਂ ਨਹੀਂ ਲੜੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਪਰਵਾਰ ਸਿਆਸੀ ਅਹੁਦਿਆਂ ਦੀ ਦੌੜ ਤੋਂ ਦੂਰ ਰਹੇਗਾ ਅਤੇ ਘਰਾਣੇਸ਼ਾਹੀ ਦੀ ਸਿਆਸਤ ਨੂੰ ਖ਼ਤਮ ਕਰਨ ਦੇ ਸਿਧਾਂਤ ‘ਤੇ ਪਹਿਰਾ ਦੇਵੇਗਾ।

## ਦੇਸ਼ ਕੋਈ ਧਰਮਸ਼ਾਲਾ ਨਹੀਂ ਹੈ:ਅਮਿਤ ਸ਼ਾਹ



ਦਿੱਲੀ:ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੰਟੈਲੀਜੈਂਸ ਬਿਊਰੋ ਦੇ ਇੱਕ ਸਮਾਗਮ ਵਿੱਚ ਦੁਹਰਾਇਆ ਕਿ ਦੇਸ਼ ਕੋਈ ਧਰਮਸ਼ਾਲਾ ਨਹੀਂ ਹੈ ਅਤੇ ਇੱਥੇ ਸਿਰਫ਼ ਨਾਗਰਿਕਾਂ ਨੂੰ ਰਹਿਣ ਦਾ ਅਧਿਕਾਰ ਹੈ। ਘੁਸਪੈਠੀਏ ਦੇਸ਼ ਦੀ ਸੁਰੱਖਿਆ ਅਤੇ ਆਰਥਿਕਤਾ ਲਈ ਖ਼ਤਰਾ ਪੈਦਾ ਕਰਦੇ ਹਨ ਅਤੇ ਗੈਰ-ਕੁਦਰਤੀ ਜਨਸੰਖਿਆ ਤਬਦੀਲੀਆਂ ਦਾ ਕਾਰਨ ਬਣਦੇ ਹਨ। ਜਨਵਰੀ 2026 ਵਿੱਚ, ਅਮਿਤ ਸ਼ਾਹ ਦੀ ਅਗਵਾਈ ਵਾਲੇ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਉਸ ਕੋਲ ਦੇਸ਼ ਭਰ ਵਿੱਚ ‘ਘੁਸਪੈਠੀਆਂ’ ਬਾਰੇ ਕੋਈ ਕੇਂਦਰੀਕ੍ਰਿਤ ਡੇਟਾ ਨਹੀਂ ਹੈ। ਇਸ ਪ੍ਰੋਗਰਾਮ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਕੇਂਦਰੀ ਸੁਰੱਖਿਆ ਏਜੰਸੀਆਂ ਅਤੇ ਬਲਾਂ, ਪੁਲਿਸ ਅਤੇ ਖੁਫੀਆ ਏਜੰਸੀਆਂ ਦੇ 850 ਤੋਂ ਵੱਧ ਅਧਿਕਾਰੀਆਂ ਨੇ ਹਿੱਸਾ ਲਿਆ।

## ਗੋਲਡੀ ਬਰਾੜ ਤੇ ਬਿਸ਼ਨੋਈ ਗੈਂਗ ਨੂੰ ਦਿੱਤੀ ਬਦਲਾ ਲੈਣ ਦੀ ਚਿਤਾਵਨੀ



ਵਾਸ਼ਿੰਗਟਨ- ਗੈਂਗਸਟਰ ਗੋਲਡੀ ਬਰਾੜ ਵੱਲੋਂ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਜ਼ਿੰਮੇਵਾਰੀ ਲਏ ਜਾਣ ਦੇ ਦੋ ਦਿਨਾਂ ਬਾਅਦ, ਪਾਬੰਦੀਸ਼ੁਦਾ ਜਥੇਬੰਦੀ ‘ਸਿੱਖਸ ਫ਼ਾਰ ਜਸਟਿਸ’ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਇੱਕ ਵੀਡੀਓ ਜਾਰੀ ਕਰਕੇ ਬਦਲਾ ਲੈਣ ਦੀ ਚਿਤਾਵਨੀ ਦਿੱਤੀ ਹੈ। ਪੰਨੂ ਨੇ ਵੀਡੀਓ ਵਿੱਚ ਗੋਲਡੀ ਬਰਾੜ ਅਤੇ ਉਸ ਦੇ ਸਾਥੀਆਂ ਨੂੰ ਨਿੱਝਰ ਦੇ ਕਤਲ ਦਾ ਨਤੀਜਾ ਭੁਗਤਣ ਦੀ ਤਾੜਨਾ ਕੀਤੀ ਹੈ। ਇਸ ਜਾਰੀ ਕੀਤੀ ਵੀਡੀਓ ਵਿੱਚ ਪੰਨੂ ਨੇ ਲਰੈਂਸ ਬਿਸ਼ਨੋਈ, ਗੋਲਡੀ ਬਰਾੜ, ਕਰਮਨ ਬਰਾੜ, ਅਮਨਦੀਪ ਸਿੰਘ, ਕਮਲਪ੍ਰੀਤ ਅਤੇ ਕਰਣਪ੍ਰੀਤ ਸਿੰਘ ਦੀਆਂ ਤਸਵੀਰਾਂ ਦਿਖਾਉਂਦਿਆਂ ਉਨ੍ਹਾਂ ‘ਤੇ ਨਿੱਝਰ ਦੇ ਕਤਲ ਦਾ ਇਲਜ਼ਾਮ ਲਗਾਇਆ ਹੈ। ਪੰਨੂ ਨੇ ਦਾਅਵਾ ਕੀਤਾ ਕਿ ਜੇਕਰ ਇਹ ਦੋਸ਼ੀ ਐੱਫ.ਬੀ.ਆਈ. (629) ਅਤੇ ਕਨੇਡਾ ਜਾਂ ਅਮਰੀਕਾ ਦੀਆਂ ਅਦਾਲਤਾਂ ਤੋਂ ਬਚ ਵੀ ਜਾਂਦੇ ਹਨ, ਤਾਂ ਵੀ ਉਨ੍ਹਾਂ ਨੂੰ ਇਨਸਾਫ਼ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇਗਾ। ਉਸ ਨੇ ਇਨ੍ਹਾਂ ਸਾਰਿਆਂ ‘ਤੇ ਭਾਰਤੀ ਏਜੰਸੀਆਂ ਲਈ ਕੰਮ ਕਰਨ ਦੇ ਦੋਸ਼ ਵੀ ਲਾਏ। ਦੂਜੇ ਪਾਸੇ, ਪੰਨੂ ਨੂੰ ਆਪ ਵੀ ਆਪਣੀ ਜਾਨ ਦਾ ਖ਼ਤਰਾ ਬਣਿਆ ਹੋਇਆ ਹੈ। ਐੱਫ.ਬੀ.ਆਈ. ਦੇ ਏਜੰਟਾਂ ਵੱਲੋਂ ਉਸ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਜਦੋਂ ਤੱਕ ਇਹ ਖ਼ਤਰਾ ਟਲ ਨਹੀਂ ਜਾਂਦਾ, ਉਹ ਕੋਈ ਯਾਤਰਾ ਨਾ ਕਰੇ ਅਤੇ ਜੇਕਰ ਕਰਨਾ ਜ਼ਰੂਰੀ ਹੋਵੇ ਤਾਂ ਏਜੰਸੀ ਨੂੰ ਪਹਿਲਾਂ ਸੂਚਿਤ ਕੀਤਾ ਜਾਵੇ।


ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI

CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਸਿਆਟਲ ਵਿੱਚ ਹੋਈ ਸ਼ਾਨਦਾਰ ਇਕ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਨੇ ਅਮਿੱਟ ਛਾਪ ਛੱਡੀ














ਸਿਆਟਲ (ਅਮਰੀਕਾ): ਪੰਜਾਬੀ ਲਿਖਾਰੀ ਸਭਾ ਸਿਆਟਲ ਰਜਿ. ਵੱਲੋਂ ਐਤਵਾਰ 16 ਅਗਸਤ 2026 ਨੂੰ "ਪਰਵਾਸ ਵਿੱਚ ਪੰਜਾਬੀ: ਦਸ਼ਾ, ਦਿਸ਼ਾ ਤੇ ਸੰਭਾਵਨਾਵਾਂ" ਵਿਸ਼ੇ 'ਤੇ ਇਕ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਕਰਵਾਈ ਗਈ। ਕਾਨਫਰੰਸ ਵਿੱਚ ਪੰਜਾਬੀ ਮੂਲ ਦੇ ਪਰਵਾਸੀ ਮਰਦਾਂ, ਔਰਤਾਂ, ਨੌਜਵਾਨਾਂ ਅਤੇ ਬੱਚਿਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਸਮਾਗਮ ਦਾ ਕੇਂਦਰੀ ਵਿਸ਼ਾ ਪਰਵਾਸ ਵਿੱਚ ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ, ਇਸ ਦੀ ਦਿਸ਼ਾ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਰਿਹਾ। ਇਸ ਸਬੰਧੀ ਵਿਦਵਾਨਾਂ, ਲੇਖਕਾਂ ਅਤੇ ਵੱਖ-ਵੱਖ ਖੇਤਰਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਵੱਲੋਂ ਗੰਭੀਰ ਅਤੇ ਵਿਚਾਰਉਤੇਜਕ ਚਰਚਾ ਕੀਤੀ ਗਈ।ਕਾਨਫਰੰਸ ਦੀ ਸ਼ੁਰੂਆਤ ਜੋਤ ਜਗਾਉਣ, 'ਗਗਨ ਮੈ ਥਾਲ' ਗੁਰਬਾਣੀ ਸ਼ਬਦ ਗਾਇਨ ਅਤੇ ਰਿਬਨ ਕਟਾਈ ਦੀ ਰਸਮ ਨਾਲ ਹੋਈ। ਇਹ ਰਸਮ ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮੁੱਖ ਮਹਿਮਾਨ ਅਤੇ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਵੱਲੋਂ ਨਿਭਾਈ ਗਈ। ਜੱਗੀ ਕੁੱਸਾ ਦੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਉਪਰੰਤ ਕਾਨਫਰੰਸ ਦੀ ਰਸਮੀ ਸ਼ੁਰੂਆਤ ਹੋਈ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਗੁਰਪ੍ਰੀਤ ਸਿੰਘ ਸੋਹਲ ਨੇ ਬਾਖ਼ੂਬੀ ਨਿਭਾਈ ਅਤੇ ਵਿਚ ਵਿਚਾਲ਼ੇ ਉਨ੍ਹਾਂ ਦਾ ਸਾਥ ਹਰਪਾਲ ਸਿੱਧੂ ਵੀ ਦਿੰਦੇ ਰਹੇ।ਸ਼ੁਰੂਆਤੀ ਸੈਸ਼ਨ ਵਿੱਚ ਸਭਾ ਦੇ ਪ੍ਰਧਾਨ ਕਰਨੈਲ ਸਿੰਘ ਕੈਲ ਨੇ ਕੁੰਜੀਵਤ ਭਾਸ਼ਣ ਦਿੱਤਾ।ਕਾਨਫਰੰਸ ਦੌਰਾਨ ਵੱਖ-ਵੱਖ ਵਿਸ਼ਿਆਂ 'ਤੇ ਪਰਚੇ ਪੇਸ਼ ਕਰਨ ਅਤੇ ਵਿਚਾਰ-ਚਰਚਾ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਪ੍ਰਸਿੱਧ ਰੇਡੀਓ ਅਤੇ ਟੀਵੀ ਹੋਸਟ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਬਲਜਿੰਦਰ ਕੌਰ ਬੀ ਮੀਡੀਆ, ਡਾ. ਜੱਸ ਮਲਕੀਤ, ਮੋਹਨ ਗਿੱਲ, ਸਿਮਰਨ ਸਿੰਘ ਸਾਡਾ ਟੀਵੀ ਸਮੇਤ ਸਾਹਿਤਕ, ਸਮਾਜਿਕ ਅਤੇ ਸੱਭਿਆਚਾਰਕ ਖੇਤਰਾਂ ਨਾਲ ਸਬੰਧਤ ਕਈ ਵਿਦਵਾਨ ਅਤੇ ਲੇਖਕ ਸ਼ਾਮਲ ਸਨ। ਇਨ੍ਹਾਂ ਵਿੱਚ ਦਲਬੀਰ ਦਿਲ ਨਿੱਜਰ, ਰਮਿੰਦਰਜੀਤ ਸਿੰਘ ਧਾਮੀ, ਪ੍ਰੋ. ਸੁਰਿੰਦਰ ਜੈਪਾਲ, ਗੁਰਚੇਤਨ ਸਿੰਘ, ਹਰਕੀਰਤ ਕੌਰ ਚਹਿਲ, ਧਰਮਵੀਰ ਧਾਲੀਵਾਲ, ਪਰਮਿੰਦਰ ਕੌਰ ਸਵੈਚ, ਮਨਜੀਤ ਬੈਂਸ, ਮਹਿੰਦਰ ਪਾਲ ਸਿੰਘ ਪਾਲ, ਭੁਪਿੰਦਰ ਸਿੰਘ ਮੱਲ੍ਹੀ, ਦਲਬੀਰ ਕੌਰ ਬਿੰਦੂ ਮਠਾੜੂ, ਜਸਬੀਰ ਕੌਰ ਮਾਨ, ਰਵਿੰਦਰ ਸਿੰਘ ਪਾਂਸ਼ਟਾ, ਪ੍ਰਿਤਪਾਲ ਅਟਵਾਲ ਪੂਨੀ ਅਤੇ ਨਗਿੰਦਰ ਬੀ ਕੌਰ ਦੇ ਨਾਮ ਜ਼ਿਕਰਯੋਗ ਹਨ। ਫ਼ਿਲਮੀ ਜਗਤ ਨਾਲ ਸਬੰਧਤ ਅਮਨ ਧਾਲੀਵਾਲ ਅਤੇ ਬੀ. ਕੇ. ਰੱਖੜਾ ਨੇ ਵੀ ਆਪਣੇ ਵਿਚਾਰ ਅਤੇ ਤਜਰਬੇ ਸਾਂਝੇ ਕੀਤੇ।ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਦੀ ਮੌਜੂਦਾ ਸਥਿਤੀ ਬਾਰੇ ਵੱਖ-ਵੱਖ ਵਿਚਾਰ ਸਾਹਮਣੇ ਆਏ। ਇੱਕ ਪੱਖ ਵੱਲੋਂ ਪੰਜਾਬੀ ਭਾਸ਼ਾ ਸਾਹਮਣੇ ਖੜ੍ਹੀਆਂ ਚੁਣੌਤੀਆਂ ਅਤੇ ਇਸ ਦੇ ਭਵਿੱਖ ਸਬੰਧੀ ਚਿੰਤਾਵਾਂ ਪ੍ਰਗਟਾਈਆਂ ਗਈਆਂ, ਜਦਕਿ ਦੂਜੇ ਪੱਖ ਵੱਲੋਂ ਪੰਜਾਬੀ ਦੀ ਤਰੱਕੀ, ਇਸ ਦੇ ਵਧ ਰਹੇ ਪਸਾਰ ਅਤੇ ਤਕਨਾਲੋਜੀ ਦੇ ਯੁੱਗ ਨਾਲ ਇਸ ਦੇ ਸਾਂਝੇਦਾਰ ਬਣਨ ਦੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ ਗਈਆਂ। ਇਤਿਹਾਸਕ ਪੱਖ ਤੋਂ ਵੀ ਇਹ ਗੱਲ ਸਾਹਮਣੇ ਆਈ ਕਿ ਪੰਜਾਬੀ ਭਾਸ਼ਾ ਨੇ ਲੰਮਾ ਸਫ਼ਰ ਤੈਅ ਕਰਦਿਆਂ ਕਈ ਖੇਤਰਾਂ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ।ਚਰਚਾ ਦੌਰਾਨ ਇੱਕ ਅਹਿਮ ਸਵਾਲ ਵਾਰ-ਵਾਰ ਉੱਭਰਿਆ ਕਿ ਪੰਜਾਬੀ ਭਾਵੇਂ ਤਰੱਕੀ ਦੇ ਰਾਹ 'ਤੇ ਹੈ, ਪਰ ਇਸ ਨੂੰ ਪੰਜਾਬੀਆਂ, ਖ਼ਾਸ ਕਰਕੇ ਨੌਜਵਾਨਾਂ ਅਤੇ ਬੱਚਿਆਂ ਲਈ ਮਾਣ, ਪਛਾਣ ਅਤੇ ਭਵਿੱਖ ਦੀ ਭਾਸ਼ਾ ਕਿਵੇਂ ਬਣਾਇਆ ਜਾਵੇ। ਬੁਲਾਰਿਆਂ ਨੇ ਇਸ ਮਸਲੇ ਨੂੰ ਪਰਵਾਸੀ ਪੰਜਾਬੀ ਭਾਈਚਾਰੇ ਲਈ ਵਿਸ਼ੇਸ਼ ਮਹੱਤਵ ਵਾਲਾ ਦੱਸਿਆ।ਕਾਨਫਰੰਸ ਦੇ ਵਿਸ਼ੇਸ਼ ਮਹਿਮਾਨ ਪੰਜਾਬ ਤੋਂ ਆਏ ਜਗਰੂਪ ਸਿੰਘ ਜਰਖੜ ਨੇ ਕਿਹਾ ਕਿ ਪੰਜਾਬੀ ਸਾਡੇ ਗੁਰੂਆਂ ਦੀ ਭਾਸ਼ਾ ਹੈ ਅਤੇ ਇਸ ਨੇ ਇਤਿਹਾਸ ਵਿੱਚ ਬਹੁਤ ਸਾਰੇ ਉਤਰਾਅ-ਚੜ੍ਹਾਅ ਦੇਖੇ ਹਨ। ਉਨ੍ਹਾਂ ਕਿਹਾ ਕਿ ਸੈਂਕੜਿਆਂ ਲੋਕਾਂ ਤੋਂ ਸ਼ੁਰੂ ਹੋਈ ਇਹ ਭਾਸ਼ਾ ਅੱਜ ਕਰੋੜਾਂ ਲੋਕਾਂ ਦੀ ਭਾਸ਼ਾ ਬਣ ਚੁੱਕੀ ਹੈ ਅਤੇ ਇਹ ਭਵਿੱਖ ਵਿੱਚ ਹੋਰ ਤਰੱਕੀ ਕਰੇਗੀ। ਉਨ੍ਹਾਂ ਦਾ ਮੰਨਣਾ ਸੀ ਕਿ ਪੰਜਾਬੀ ਭਾਸ਼ਾ ਦੇ ਖ਼ਤਮ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।ਪ੍ਰਧਾਨਗੀ ਭਾਸ਼ਣ ਦੌਰਾਨ ਸ਼ਿਵਚਰਨ ਜੱਗੀ ਕੁੱਸਾ ਨੇ ਕਿਹਾ ਕਿ ਕਾਨਫਰੰਸ ਵਿੱਚ ਹੋਈ ਗੰਭੀਰ ਚਰਚਾ ਇਸ ਗੱਲ ਦਾ ਪ੍ਰਮਾਣ ਹੈ ਕਿ ਆਪਣੇ ਪੰਜਾਬੀ ਲੋਕਾਂ ਨੂੰ ਆਪਣੀ ਭਾਸ਼ਾ ਨਾਲ ਡੂੰਘਾ ਪਿਆਰ ਵੀ ਹੈ ਅਤੇ ਇਸ ਦੇ ਭਵਿੱਖ ਪ੍ਰਤੀ ਚਿੰਤਾ ਵੀ। ਉਨ੍ਹਾਂ ਕਿਹਾ ਕਿ ਪੰਜਾਬੀ ਸਮਾਜ ਸਿਰਫ਼ ਚਿੰਤਤ ਹੀ ਨਹੀਂ, ਸਗੋਂ ਆਪਣੀ ਭਾਸ਼ਾ ਬਾਰੇ ਚਿੰਤਨ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਉਨ੍ਹਾਂ ਪੰਜਾਬੀ ਭਾਸ਼ਾ ਦੇ ਨਾਮ 'ਤੇ ਅਹੁਦੇ ਸੰਭਾਲਣ ਵਾਲਿਆਂ ਵੱਲੋਂ ਭਾਸ਼ਾ ਪ੍ਰਤੀ ਲੋੜੀਂਦੀ ਸੁਹਿਰਦਤਾ ਨਾ ਦਿਖਾਉਣ 'ਤੇ ਵੀ ਸਖ਼ਤ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਮੁੱਦੇ ਉਠਾਉਣ ਅਤੇ ਚਰਚਾ ਕਰਨ ਵਿੱਚ ਤਾਂ ਅੱਗੇ ਹਾਂ, ਪਰ ਉਨ੍ਹਾਂ ਦੇ ਠੋਸ ਹੱਲ ਲਈ ਲਗਾਤਾਰ ਯਤਨ ਕਰਨ ਦੀ ਲੋੜ ਹੈ।ਕਾਨਫਰੰਸ ਦੇ ਸਮਾਪਤੀ ਸਮਾਰੋਹ ਦੌਰਾਨ ਮਨਜੀਤ ਸਿੰਘ ਚਹਿਲ ਵੱਲੋਂ ਲਿਖੇ ਅਤੇ ਹਸਨਵੀਰ ਚਹਿਲ ਵੱਲੋਂ ਗਾਏ ਗੀਤ 'ਅਮਰੀਕਾ ਤੇਰੀ ਜੈ ਹੋਵੇ' ਦਾ ਸੰਗੀਤਕ ਅੰਦਾਜ਼ ਵਿੱਚ ਰਿਲੀਜ਼ ਸਮਾਰੋਹ ਕੀਤਾ ਗਿਆ। ਇਸ ਤੋਂ ਇਲਾਵਾ ਰਾਜ ਕੌਰ ਦੀ ਪੁਸਤਕ 'ਰੌਸ਼ਨ ਪ੍ਰਛਾਵੇਂ', ਦਲਬੀਰ ਕੌਰ ਬਿੰਦੂ ਦੀ 'ਮਨਾਉਂਦਾ ਰੇ', ਸੋਹਣ ਸਿੰਘ ਪੂਨੀ ਦੀ 'ਅਮਰੀਕਾ ਦੇ ਗਦਰੀ ਯੋਧੇ' ਅਤੇ 'ਗੁਜਰਾਂਵਾਲਾ ਕਾਲਜ ਦਾ ਇਤਿਹਾਸ' ਸਮੇਤ ਕਈ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਕਾਨਫਰੰਸ ਦੀ ਸਫਲਤਾ ਦਾ ਸਿਹਰਾ ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਮਿਹਨਤੀ ਟੀਮ ਨੂੰ ਜਾਂਦਾ ਹੈ। ਇਸ ਵਿੱਚ ਸਭਾ ਦੇ ਪ੍ਰਧਾਨ ਕਰਨੈਲ ਸਿੰਘ ਕੈਲ, ਜਨਰਲ ਸਕੱਤਰ ਗੁਰਪ੍ਰੀਤ ਸਿੰਘ, ਡਾ. ਸੁਖਵੀਰ ਬੀਹਲਾ, ਮਲਕੀਤ ਸਿੰਘ ਗਿੱਲ, ਰਣਜੀਤ ਸਿੰਘ ਮੱਲ੍ਹੀ, ਹਰਿੰਦਰਪਾਲ ਸਿੰਘ ਬੈਂਸ, ਹਰਪਾਲ ਸਿੱਧੂ, ਹਰਦਿਆਲ ਸਿੰਘ ਚੀਮਾ, ਅਮਰਜੀਤ ਸਿੰਘ ਤਰਸਿੱਕਾ, ਅਵਤਾਰ ਸਿੰਘ ਆਦਮਪੁਰੀ, ਮਨਜੀਤ ਕੌਰ ਗਿੱਲ ਅਤੇ ਸਰਬਜੀਤ ਸਿੰਘ ਨੂਰ ਦੇ ਨਾਮ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।ਸਭਾ ਦੀਆਂ ਨਾਮਵਰ ਸ਼ਖ਼ਸੀਅਤਾਂ ਬਲਬੀਰ ਸਿੰਘ ਲਹਿਰਾ, ਜਗੀਰ ਸਿੰਘ, ਜਸਵੀਰ ਸਿੰਘ ਸਹੋਤਾ, ਸ਼ਿੰਦਰਪਾਲ ਔਜਲਾ, ਸਤਨਾਮ ਸਿੰਘ ਚੀਨੂੰ, ਰਾਜਿੰਦਰ ਕੌਰ, ਯਸ਼ ਸਾਥੀ, ਸੁਰਿੰਦਰ ਕੌਰ ਅਤੇ ਜਸਵੰਤ ਸਿੰਘ ਧਾਲੀਵਾਲ ਨੇ ਵੀ ਕਾਨਫਰੰਸ ਵਿੱਚ ਹਾਜ਼ਰੀ ਭਰ ਕੇ ਪ੍ਰਬੰਧਕਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਪ੍ਰਸਿੱਧ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਅਤੇ ਸਭਾ ਦੀ ਮਿਹਨਤੀ ਟੀਮ ਨੂੰ ਕਾਨਫਰੰਸ ਦੀ ਸਫਲਤਾ ਲਈ ਤਹਿ ਦਿਲੋਂ ਵਧਾਈ ਦਿੱਤੀ।ਪੰਜਾਬੀ ਲਿਖਾਰੀ ਸਭਾ ਦੇ ਉਪਰਾਲਿਆਂ ਨੂੰ ਉਤਸ਼ਾਹਿਤ ਕਰਨ ਲਈ ਦਯਾਬੀਰ ਸਿੰਘ (ਪਿੰਟੂ ਬਾਠ), ਜਗਵਿੰਦਰ ਸਿੰਘ ਬਰਾੜ, ਯਸ਼ ਸਾਥੀ, ਕਮਲਦੀਪ ਸਿੰਘ ਬਾਸੀ, ਡਾ. ਹਰਚੰਦ ਸਿੰਘ, ਬਲਬੀਰ ਸਿੰਘ ਲਹਿਰਾ, ਸ਼ਿੰਦਰਪਾਲ ਔਜਲਾ, ਜਸਵੀਰ ਸਹੋਤਾ, ਭੁਪਿੰਦਰ ਸਿੰਘ ਢੱਡਾ, ਹਰਦੀਪ ਸਿੰਘ ਗਿੱਲ ਅਤੇ ਡਾ. ਸੁਖਵਿੰਦਰ ਬੁੱਟਰ ਵੱਲੋਂ ਆਰਥਿਕ ਸਹਾਇਤਾ ਦਿੱਤੀ ਗਈ। ਇਸ ਸਹਿਯੋਗ ਨੇ ਸਭਾ ਦੇ ਮੈਂਬਰਾਂ ਨੂੰ ਭਵਿੱਖ ਵਿੱਚ ਹੋਰ ਉਤਸ਼ਾਹ ਅਤੇ ਸਮਰਪਣ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਲਾਕੇ ਦੀਆਂ ਪਤਵੰਤੀ ਸ਼ਖ਼ਸੀਅਤਾਂ ਦੀ ਹਾਜ਼ਰੀ ਜਿਨ੍ਹਾਂ ਵਿਚ ਸਭਾ ਦੇ ਸਹਿਯੋਗੀ ਅਮਰੀਕ ਸਿੰਘ ਰੰਧਾਵਾ, ਸਨਮੋਹਣ ਸਿੰਘ ਸੋਢੀ, ਬਲਜੀਤ ਸਿੰਘ ਸੈਂਹਬੀ, ਕੈਂਟ ਸਿਟੀ ਕੌਂਸਲ ਦੀ ਪ੍ਰੈਜ਼ੀਡੈਂਟ ਸਤਵਿੰਦਰ ਕੌਰ, ਕੈਂਟ ਸਿਟੀ ਕੌਂਸਲ ਦੀ ਮੈਂਬਰ ਸ਼ਰਨ ਸ਼ੋਕਰ ਅਤੇ ਇੱਥੋਂ ਦੀਆਂ ਹੋਰ ਨਾਮਵਰ ਸ਼ਖ਼ਸੀਅਤਾਂ ਦੀ ਵੱਡੀ ਗਿਣਤੀ ਨੇ ਵੀ ਇਹ ਸੰਦੇਸ਼ ਦਿੱਤਾ ਕਿ ਭਾਈਚਾਰਾ ਉਸਾਰੂ ਅਤੇ ਸੱਭਿਆਚਾਰਕ ਕਾਰਜਾਂ ਦੇ ਨਾਲ ਖੜ੍ਹਾ ਹੈ।ਕਾਨਫਰੰਸ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਇਹ ਰਹੀ ਕਿ ਇਸ ਨੇ ਸਿਆਟਲ ਖੇਤਰ ਵਿੱਚ ਜੰਮੇ-ਪਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨਾਲ ਜੋੜਨ ਦਾ ਸਫਲ ਉਪਰਾਲਾ ਕੀਤਾ। ਕਾਨਫਰੰਸ ਵਿੱਚ ਬੋਲਦਿਆਂ ਨੌਜਵਾਨ ਗੁਰਮਤ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਬੱਚਿਆਂ ਅਤੇ ਨੌਜਵਾਨਾਂ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਰਾਹੀਂ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜ ਕੇ ਭਾਸ਼ਾ ਦਾ ਮਜ਼ਬੂਤ ਭਵਿੱਖ ਤਿਆਰ ਕੀਤਾ ਜਾ ਸਕਦਾ ਹੈ।ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਚੱਲ ਰਹੇ ਗੁਰਮਤਿ ਖਾਲਸਾ ਸਕੂਲ ਦੇ ਪ੍ਰਿੰਸੀਪਲ ਸਰਦਾਰ ਈਸ਼ਰ ਸਿੰਘ ਗਰਚਾ ਦੀ ਅਗਵਾਈ ਵਿੱਚ ਇਸ ਸਕੂਲ ਨਾਲ ਜੁੜੀਆਂ ਬੱਚੀਆਂ ਰਮਨੀਤ ਕੌਰ ਅਤੇ ਜੰਨਤ ਕੌਰ ਨੇ ਵੀ ਮੰਚ ਤੋਂ ਆਪਣੀ ਪੇਸ਼ਕਾਰੀ ਦਿੱਤੀ। ਬੱਚਿਆਂ ਦੀ ਇਸ ਸ਼ਮੂਲੀਅਤ ਨੇ ਕਾਨਫਰੰਸ ਨੂੰ ਹੋਰ ਵੀ ਅਰਥਪੂਰਨ ਬਣਾਇਆ ਅਤੇ ਇਹ ਉਮੀਦ ਜਗਾਈ ਕਿ ਪਰਵਾਸ ਵਿੱਚ ਪੰਜਾਬੀ ਦੀ ਅਗਲੀ ਪੀੜ੍ਹੀ ਨਾਲ ਸਾਂਝ ਹੋਰ ਮਜ਼ਬੂਤ ਹੋ ਸਕਦੀ ਹੈ।ਅੰਤ ਵਿੱਚ ਸਭਾ ਦੇ ਸਰਪ੍ਰਸਤ ਕਮਾਂਡਰ ਹਰਦਿਆਲ ਸਿੰਘ ਚੀਮਾ, ਅਵਤਾਰ ਸਿੰਘ ਆਦਮਪੁਰੀ ਅਤੇ ਮਨਜੀਤ ਕੌਰ ਗਿੱਲ ਨੇ ਕਾਨਫਰੰਸ ਵਿੱਚ ਪਹੁੰਚੇ ਸਾਰੇ ਮਹਿਮਾਨਾਂ, ਬੁਲਾਰਿਆਂ, ਸਹਿਯੋਗੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ-ਚਿੰਨ੍ਹ ਭੇਂਟ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪਰਵਾਸ ਵਿੱਚ ਮਜ਼ਬੂਤ ਕਰਨ ਲਈ ਅਜਿਹੇ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ।ਸਮੁੱਚੇ ਤੌਰ 'ਤੇ, ਇਹ ਕਾਨਫਰੰਸ ਪੰਜਾਬੀ ਭਾਸ਼ਾ ਦੀਆਂ ਚੁਣੌਤੀਆਂ 'ਤੇ ਚਰਚਾ ਕਰਨ ਦੇ ਨਾਲ-ਨਾਲ ਇਸ ਦੇ ਭਵਿੱਖ ਲਈ ਆਸ, ਸੰਭਾਵਨਾ ਅਤੇ ਸਾਂਝੇ ਯਤਨਾਂ ਦਾ ਸੁਨੇਹਾ ਦੇਣ ਵਿੱਚ ਸਫਲ ਰਹੀ। ਖ਼ਾਸ ਕਰਕੇ ਨਵੀਂ ਪੀੜ੍ਹੀ ਦੀ ਸ਼ਮੂਲੀਅਤ ਨੇ ਇਹ ਸੰਦੇਸ਼ ਹੋਰ ਮਜ਼ਬੂਤ ਕੀਤਾ ਕਿ ਪਰਵਾਸ ਵਿੱਚ ਪੰਜਾਬੀ ਦਾ ਭਵਿੱਖ ਸਿਰਫ਼ ਚਿੰਤਾ ਦਾ ਨਹੀਂ, ਸਗੋਂ ਸਾਂਝੀ ਕੋਸ਼ਿਸ਼ ਨਾਲ ਸੰਭਾਲਣ ਅਤੇ ਸੰਵਾਰਨ ਦਾ ਵਿਸ਼ਾ ਹੈ।

# ਯੂਐਨ ਦੀ ਕਮੇਟੀ ਨੇ ਭਾਰਤ ਸਰਕਾਰ ਨੂੰ ਜਾਰੀ ਕੀਤੀ ਚਿਤਾਵਨੀ

ਜਨੇਵਾ: ਸੰਯੁਕਤ ਰਾਸ਼ਟਰ ਨੇ ਭਾਰਤ ਨੂੰ ਕਿਹਾ ਹੈ ਕਿ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੁਆਰਾ ਕਬਾਇਲੀ ਲੋਕਾਂ, ਪਛੜੀਆਂ ਜਾਤੀਆਂ ਦੇ ਗੈਰ-ਨਿਆਇਕ ਕਤਲਾਂ, ਤਸ਼ੱਦਦ ਅਤੇ ਹਿੰਸਾ ਦਾ ਸਾਹਮਣਾ ਕਰ ਰਹੇ ਹੋਰ ਕਮਜ਼ੋਰ ਸਮੂਹਾਂ ਲਈ ਸੁਰੱਖਿਆ ਨੂੰ ਮਜ਼ਬੂਤ ਕਰੇ।ਨਸਲੀ ਵਿਤਕਰੇ ਦੇ ਖਾਤਮੇ ਬਾਰੇ ਸੰਯੁਕਤ ਰਾਸ਼ਟਰ ਕਮੇਟੀ ਨੇ ਭਾਰਤ ਨੂੰ ਬੰਗਾਲੀ ਬੋਲਣ ਵਾਲੇ ਮੁਸਲਮਾਨਾਂ ਅਤੇ ਹੋਰ ਨਸਲੀ-ਧਾਰਮਿਕ ਸਮੂਹਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਵਿਤਕਰੇ, ਨਫ਼ਰਤ ਭਰੇ ਭਾਸ਼ਣ ਅਤੇ ਨਫ਼ਰਤ ਭਰੇ ਅਪਰਾਧਾਂ ਨੂੰ ਤੁਰੰਤ ਹੱਲ ਕਰਨ ਦੀ ਅਪੀਲ ਕੀਤੀ।

"ਕਮੇਟੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੁਆਰਾ ਨਸਲੀ ਅਤੇ ਨਸਲੀ-ਧਾਰਮਿਕ ਸਮੂਹਾਂ, ਆਦਿਵਾਸੀ ਅਤੇ ਕਬਾਇਲੀ ਲੋਕਾਂ, ਜਿਨ੍ਹਾਂ ਵਿੱਚ ਅਨੁਸੂਚਿਤ ਜਨਜਾਤੀਆਂ, ਅਨੁਸੂਚਿਤ ਜਾਤੀਆਂ, ਖਾਸ ਕਰਕੇ ਦਲਿਤਾਂ ਅਤੇ ਗੈਰ-ਨਾਗਰਿਕਾਂ ਸ਼ਾਮਲ ਹਨ, ਵਿਰੁੱਧ ਵੱਡੇ ਪੱਧਰ 'ਤੇ ਉਲੰਘਣਾਵਾਂ ਦੀਆਂ ਰਿਪੋਰਟਾਂ ਬਾਰੇ ਗੰਭੀਰ ਚਿੰਤਾ ਪ੍ਰਗਟ ਕੀਤੀ।"ਇਨ੍ਹਾਂ ਵਿੱਚ ਨਸਲੀ ਤੌਰ 'ਤੇ ਪ੍ਰੇਰਿਤ ਹਿੰਸਾ, ਤਾਕਤ ਦੀ ਬਹੁਤ ਜ਼ਿਆਦਾ ਵਰਤੋਂ, ਗੈਰ-ਨਿਆਇਕ ਕਤਲ, ਬਿਨਾਂ ਕਿਸੇ ਢੁਕਵੀਂ ਪ੍ਰਕਿਰਿਆ ਦੇ ਮਨਮਾਨੇ ਅਤੇ ਲੰਬੇ ਸਮੇਂ ਤੱਕ ਨਜ਼ਰਬੰਦੀ, ਤਸ਼ੱਦਦ, ਦੁਰਵਿਵਹਾਰ ਅਤੇ ਜਿਨਸੀ ਹਿੰਸਾ ਸ਼ਾਮਲ ਹੈ।" ਯੂ.ਐਨ ਨੇ ਭਾਰਤੀ ਅਧਿਕਾਰੀਆਂ ਨੂੰ ਅਜਿਹੇ ਸਾਰੇ ਦੋਸ਼ਾਂ ਦੀ ਪੂਰੀ ਤਰ੍ਹਾਂ ਜਾਂਚ ਕਰਨ ਅਤੇ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਉਣ ਨੂੰ ਯਕੀਨੀ ਬਣਾਉਣ ਲਈ ਕਿਹਾ।

# ਟੈਨੇਸੀ 'ਚ ਇੱਕ ਭਾਰਤੀ-ਗੁਜਰਾਤੀ ਸਟੋਰ ਮਾਲਕ ਦਾ ਲੁੱਟ ਤੋਂ ਬਾਅਦ ਗੋਲੀਆਂ ਮਾਰ ਕੇ ਕਤਲ

ਨਿਊਯਾਰਕ- ਅਮਰੀਕਾ ਦੇ ਟੈਨੇਸੀ ਰਾਜ ਵਿਚ ਇੱਕ ਹੈਰਾਨ ਕਰਨ ਵਾਲੀ ਘਟਨਾ ਵਾਪਰੀ ਹੈ। ਜੈਕਸਨ ਸ਼ਹਿਰ ਵਿਚ ਇੱਕ ਹਥਿਆਰਬੰਦ ਲੁਟੇਰੇ ਨੇ 62 ਸਾਲਾ ਭਾਰਤੀ-ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਗੁਜਰਾਤ ਦੇ ਮੇਹਸਾਣਾ ਦੇ ਰਹਿਣ ਵਾਲੇ ਸੁਰੇਸ਼ ਪਟੇਲ ਨੇ 7 ਦਿਨ ਪਹਿਲਾਂ ਹੀ ਇਹ ਸਟੋਰ ਖਰੀਦਿਆ ਸੀ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਵਿਆਪਕ ਜਾਂਚ ਸ਼ੁਰੂ ਕਰ ਦਿੱਤੀ ਹੈ। ਟੈਨੇਸੀ ਦੇ ਜੈਕਸਨ ਵਿਚ ਸਥਿਤ ਪਟੇਲ ਵਾਈਨ ਅਤੇ ਸਪਿਰਿਟ ਨਾਂ ਦਾ ਸਟੋਰ ਚਲਾਉਂਦਾ ਸੀ। ਹਥਿਆਰਬੰਦ ਲੁਟੇਰੇ ਨੇ ਪੈਸੇ ਲੁੱਟ ਕੇ 62 ਸਾਲਾ ਭਾਰਤੀ-ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਦੁਖਦਾਈ ਘਟਨਾ ਵੀਰਵਾਰ ਰਾਤ ਨੂੰ ਵਾਪਰੀ, ਜਦੋਂ ਉਸ ਦੀ 19 ਸਾਲਾ ਧੀ ਵੀ ਉਸ ਦੇ ਨਾਲ ਸਟੋਰ ਵਿਚ ਮੌਜੂਦ ਸੀ, ਜੋ ਜਾਨੋਂ ਬੱਚ ਗਈ ਅਤੇ ਲੁਟੇਰੇ ਨੇ ਉਸਦੀ ਧੀ ਦੇ ਸਾਹਮਣੇ ਹੀ ਉਸਦੇ ਪਿਤਾ 'ਤੇ ਗੋਲੀਬਾਰੀ ਕੀਤੀ। ਸੁਰੇਸ਼ ਪਟੇਲ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੀ.ਸੀ.ਟੀ.ਵੀ. ਫੁਟੇਜ ਵਿਚ ਕੈਦ ਹੋਏ ਸ਼ੱਕੀ ਲੁਟੇਰੇ ਦੀ ਪਛਾਣ ਇੱਕ ਕਾਲੇ ਆਦਮੀ ਵਜੋਂ ਹੋਈ ਹੈ, ਜਿਸਨੇ ਸਲੇਟੀ ਰੰਗ ਦੀ ਹੂਡੀ, ਜੀਨਸ ਅਤੇ ਕਾਲੇ ਬੂਟ ਪਾਏ ਹੋਏ ਹਨ। ਉਸਨੇ ਆਪਣੇ ਚਿਹਰੇ 'ਤੇ ਪੇਂਟਬਾਲ ਮਾਸਕ ਪਾਇਆ ਹੋਇਆ ਸੀ। ਡਕੈਤੀ ਅਤੇ ਗੋਲੀਬਾਰੀ ਤੋਂ ਬਾਅਦ, ਸ਼ੱਕੀ ਇੱਕ ਚਿੱਟੇ ਰੰਗ ਦੀ ਸੇਡਾਨ ਵਿਚ ਭੱਜ ਗਿਆ।

# ਖੋਸਲਾ ਪ੍ਰੀਵਾਰ ਨੇ ਖਰੀਦੀ 'ਸਿਆਟਲ ਸੀਹਾਕ" ਫੁੱਟਬਾਲ ਕਲੱਬ



ਸਿਆਟਲ:-ਭਾਰਤੀ-ਅਮਰੀਕੀ ਖੋਸਲਾ ਪਰਿਵਾਰ ਨੂੰ 9.612 ਬਿਲੀਅਨ ਡਾਲਰ ਵਿੱਚ 'ਸੀਏਟਲ ਸੀਹਾਕਸ' ਖਰੀਦ ਲਈ ਹੈ।ਵਿਨੋਦ ਅਤੇ ਨੀਰੂ ਖੋਸਲਾ, ਪਰਿਵਾਰਕ ਮੈਂਬਰ ਨੀਲ ਅਤੇ ਨੀਨਾ ਦੇ ਨਾਲ, ਮੌਜੂਦਾ ਸੁਪਰ ਬਾਊਲ ਚੈਂਪੀਅਨਾਂ ਦੀ ਮਾਲਕ ਬਣ ਗਏ ਹਨ।ਲੰਘੇ ਸ਼ਨੀਵਾਰ ਨੂੰ, ਸਮੂਹ ਵੱਲੋਂ ਸੀਹਾਕਸ ਨੂੰ 9.612 ਬਿਲੀਅਨ ਡਾਲਰ ਵਿੱਚ ਖਰੀਦਣ ਦੇ ਸੌਦੇ ਦਾ ਐਲਾਨ ਕੀਤਾ ਗਿਆ, ਜੋ ਕਿ ਇਸ ਖੇਤਰ ਵਿੱਚ ਖਰੀਦ ਲਈ ਇੱਕ ਰਿਕਾਰਡ-ਤੋੜ ਕੀਮਤ ਹੈ ਖੋਸਲਾ ਨੇ ਇੱਕ ਬਿਆਨ ਵਿੱਚ ਕਿਹਾ ਕਿ "ਅਸੀਂ ਪਾਲ ਐਲਨ ਦੁਆਰਾ ਬਣਾਈ ਗਈ ਜੇਤੂ ਵਿਰਾਸਤ ਨੂੰ ਬਣਾਉਣ ਅਤੇ ਸੀਹਾਕਸ ਸੰਗਠਨ ਅਤੇ ਹਰ ਜਗ੍ਹਾ ਪ੍ਰਸ਼ੰਸਕਾਂ ਦਾ ਵਿਸ਼ਵਾਸ ਬਣਾਈ ਰੱਖਣ ਦੀ ਪੂਰੀ ਕੋਸ਼ਿਸ਼ ਕਰਾਂਗੇ।।"ਇਸ ਸਾਲ ਦੇ ਸੁਪਰ ਬਾਊਲ ਲ਼ਯ ਤੋਂ ਬਾਅਦ, ਜਿਸ ਵਿੱਚ ਟੀਮ ਨੇ ਨਿਊ ਇੰਗਲੈਂਡ ਪੈਟ੍ਰਿਅਟਸ ਨੂੰ 29-13 ਨਾਲ ਹਰਾਇਆ।ਇਸਤੋਂ ਪਹਿਲਾਂ ਮਾਈਕ੍ਰੋਸਾਫਟ ਦੇ ਸਵਰਗੀ ਸਹਿ-ਸੰਸਥਾਪਕ ਪਾਲ ਜੀ. ਐਲਨ ਸੀਹਾਕਸ ਦੇ ਮਾਲਕ ਸਨ ਉਨਾ ਦੀ ਨ ਦੀ ਇੱਛਾ ਸੀ ਕਿ ਉਹ ਇਹ ਰਕਮ ਕਿਸੇ ਚੈਰਿਟੀ ਲਈ ਦਾਨ ਕਰ ਦੇਣ। ਉਸਦੀ ਭੈਣ ਜੋਡੀ ਤੋਂ ਉਮੀਦ ਹੈ ਕਿ ਉਹ ਇਹ ਰਕਮ ਚੈਰਿਟੀ ਲਈ ਦਾਨ ਕਰਨ ਕਰਨਗੇ।


Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL
REAL ESTATE BROKER
Cell:425-314-2111
Email:garyd@windermere.com
garydhaliwal.withwre.com

Windermere REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਅਮਰੀਕਾ ਅੰਦਰ ਹਵਾਈ ਅੱਡਿਆਂ ‘ਤੇ ਵਧੀ ਆਈਸ ਦੀ ਕਾਰਵਾਈ

ਵਾਸ਼ਿੰਗਟਨ- ਅਮਰੀਕਾ ਵਿਚ ਬਿਨਾਂ ਪੱਕੇ ਕਾਨੂੰਨੀ ਇਮੀਗ੍ਰੇਸ਼ਨ ਦਰਜੇ ਦੇ ਰਹਿ ਰਹੇ ਲੋਕਾਂ ਲਈ ਘਰੇਲੂ ਹਵਾਈ ਸਫ਼ਰ ਹੁਣ ਪਹਿਲਾਂ ਨਾਲੋਂ ਕਾਫ਼ੀ ਜੋਖ਼ਮ ਭਰਿਆ ਹੋ ਸਕਦਾ ਹੈ।ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਅਜਿਹੇ ਲੋਕਾਂ ਨੂੰ ਅਮਰੀਕਾ ਦੇ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਤੱਕ ਜਹਾਜ਼ ਰਾਹੀਂ ਯਾਤਰਾ ਕਰਨ ਤੋਂ ਰੋਕਣ ਲਈ ਕਾਰਵਾਈ ਕਰ ਰਿਹਾ ਹੈ, ਜਿਨ੍ਹਾਂ ਕੋਲ ਦੇਸ਼ ਵਿਚ ਰਹਿਣ ਦਾ ਕਾਨੂੰਨੀ ਅਧਿਕਾਰ ਨਹੀਂ ਹੈ। ਵਿਭਾਗ ਮੁਤਾਬਕ ਅਜਿਹੇ ਵਿਅਕਤੀ ਹਵਾਈ ਯਾਤਰਾ ਕੇਵਲ ਅਮਰੀਕਾ ਛੱਡਣ ਜਾਂ ਆਪਣੀ ਮਰਜ਼ੀ ਨਾਲ ਵਾਪਸ ਜਾਣ ਲਈ ਕਰ ਸਕਣਗੇ।ਤਾਜ਼ਾ ਰਿਪੋਰਟਾਂ ਅਨੁਸਾਰ ਆਈਸ ਅਧਿਕਾਰੀ ਹਵਾਈ ਅੱਡਿਆਂ ਉੱਤੇ ਯਾਤਰੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਲੈਣ ਲਈ ਹਵਾਈ ਕੰਪਨੀਆਂ ਦੇ ਕਰਮਚਾਰੀਆਂ ਅਤੇ ਯਾਤਰੀ ਜਾਣਕਾਰੀ ਦੀ ਮਦਦ ਲੈ ਰਹੇ ਹਨ। ਕੋਲੋਰਾਡੋ, ਟੈਕਸਸ ਅਤੇ ਐਰੀਜ਼ੋਨਾ ਸਮੇਤ ਕਈ ਰਾਜਾਂ ਦੇ ਹਵਾਈ ਅੱਡਿਆਂ ਉੱਤੇ ਸੰਘੀ ਅਧਿਕਾਰੀਆਂ ਵੱਲੋਂ ਯਾਤਰੀਆਂ ਦੀ ਉਡਾਣ ਸੰਖਿਆ, ਰਵਾਨਗੀ ਦਾ ਸਮਾਂ ਅਤੇ ਤਸਵੀਰ ਮੰਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਪਹਿਲਾਂ ਸਾਹਮਣੇ ਆਏ ਸੰਘੀ ਅੰਕੜਿਆਂ ਮੁਤਾਬਕ ਆਈਸ ਨੇ ਟੀ.ਐੱਸ.ਏ. ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ਉੱਤੇ 800 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ।

# ਇਕ ਹੋਰ ਭਾਰਤੀ ਨਾਗਰਿਕ ਐੱਫ.ਬੀ.ਆਈ. ਦੀ ਮੋਸਟ ਵਾਂਟਡ ਸੂਚੀ ‘ਚ ਸ਼ਾਮਲ

ਸੈਕਰਾਮੈਂਟੋ- ਐੱਫ.ਬੀ.ਆਈ. ਨੇ ਇੱਕ ਹੋਰ ਭਾਰਤੀ ਨਾਗਰਿਕ ਨੂੰ ਆਪਣੀ ਮੋਸਟ ਵਾਂਟਡ ਸੂਚੀ ਵਿਚ ਸ਼ਾਮਲ ਕੀਤਾ ਹੈ, ਜਿਸ ਦੀ ਪਛਾਣ ਕਮਲ ਵਜੋਂ ਕੀਤੀ ਗਈ ਹੈ। ਐੱਫ.ਬੀ.ਆਈ. ਦਾ ਦੋਸ਼ ਹੈ ਕਿ ਕਮਲ ਲਾਰੈਂਸ ਬਿਸ਼ਨੋਈ ਸੰਗਠਿਤ ਅਪਰਾਧ ਸਮੂਹ ਨਾਲ ਜੁੜਿਆ ਹੋਇਆ ਹੈ ਅਤੇ ਜਬਰੀ ਵਸੂਲੀ ਰਾਹੀਂ ਵਪਾਰ ਵਿਚ ਦਖਲ ਦੇਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਲੋੜੀਂਦਾ ਹੈ। ਲਾਸ ਏਂਜਲਸ ਵਿਚ ਅਮਰੀਕੀ ਜ਼ਿਲ੍ਹਾ ਅਦਾਲਤ ਦੁਆਰਾ 1 ਜੁਲਾਈ ਨੂੰ ਉਸ ਵਿਰੁੱਧ ਇੱਕ ਸੰਘੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ। ਏਜੰਸੀ ਲਾਰੈਂਸ ਬਿਸ਼ਨੋਈ ਸਮੂਹ ਨੂੰ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਮੰਨਦੀ ਹੈ, ਜੋ ਮੂਲ ਰੂਪ ਵਿਚ ਭਾਰਤ ਦੇ ਪੰਜਾਬ ਰਾਜ ਵਿਚ ਪੈਦਾ ਹੋਇਆ ਸੀ ਅਤੇ ਕੈਲੀਫੋਰਨੀਆ ਅਤੇ ਹੋਰ ਥਾਵਾਂ ‘ਤੇ ਅਪਰਾਧਿਕ ਗਤੀਵਿਧੀਆਂ ‘ਚ ਸਰਗਰਮ ਹੈ। ਐੱਫ.ਬੀ.ਆਈ. ਨੇ ਭਾਰਤੀ ਨਾਗਰਿਕਾਂ ਮੇਜਰ ਸਿੰਘ ਅਤੇ ਨਿਤੀਸ਼ ਕੌਸ਼ਲ ਨੂੰ ਵੀ ਜੱਗੂ ਭਗਵਾਨਪੁਰੀਆ ਸੰਗਠਿਤ ਅਪਰਾਧ ਸਮੂਹ ਨਾਲ ਕਥਿਤ ਸ਼ਮੂਲੀਅਤ ਲਈ ਸੂਚੀਬੱਧ ਕੀਤਾ ਹੈ। ਐੱਫ.ਬੀ.ਆਈ. ਅਨੁਸਾਰ ਭਗਵਾਨਪੁਰੀਆ ਸਮੂਹ ਕਤਲ, ਅਗਵਾ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਜਬਰੀ ਵਸੂਲੀ, ਹਥਿਆਰਾਂ ਦੀ ਤਸਕਰੀ, ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਦੇ ਮਾਮਲਿਆਂ ‘ਚ ਸ਼ਾਮਲ ਹੈ। ਭਾਰਤੀ ਨਾਗਰਿਕ ਅੰਮ੍ਰਿਤਪਾਲ ਸਿੰਘ ਨੂੰ 30 ਜੁਲਾਈ ਨੂੰ ਢਾਂਡਾ ਸਮੂਹ ‘ਚ ਕਥਿਤ ਤੌਰ ‘ਤੇ ਸ਼ਾਮਲ ਹੋਣ ਕਾਰਨ ਐੱਫ.ਬੀ.ਆਈ. ਦੀ ਮੋਸਟ ਵਾਂਟਡ ਸੂਚੀ ‘ਚ ਸ਼ਾਮਲ ਕੀਤਾ ਗਿਆ ਸੀ।

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200





# BADH & REJMINIAK LLP

ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

## Areas of Practice

We provide Legal Services in the following areas:

- Civil Litigation
- Immigration
- Family Law
- Business Law
- Real Estate Transactions
- Notarization & Certification

ਅਸੀਂ ਹੇਠ ਲਿਖੇ ਖੇਤਰਾਂ ਵਿਚ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਾਂ

- ਸਿਵਲ ਮੁਕੱਦਮਾ
- ਇੰਮੀਗ੍ਰੇਸ਼ਨ
- ਫੈਮਿਲੀ ਲਾਅ
- ਬਿਜਨਸ ਲਾਅ
- ਰੀਅਲ ਇੈਸਟੇਟ ਲੈਣ ਦੇਣ
- ਨੋਟਰੀ ਸੇਵਾਵਾਂ/ਫਾਰਮ ਤਸਦੀਕ ਕਰਨਾ






Ph: 604-503-3132

Fax:604-503-3133

Web:www.bnrlaw.ca

Gurpreet Badh, BSc, LLB
Barrister & Solicitor

#2006-7495, 132 St, Surrey, BC V3W 1J8

# ਜੰਤਰ-ਮੰਤਰ 'ਤੇ ਗੁੱਸੇ ਦਾ ਇੱਕ ਇਤਿਹਾਸ ਰਿਹਾ ਹੈ:ਨੇਹਾ ਬੋਰਾ



ਮੁੰਬਈ:ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਦੀ ਪ੍ਰਧਾਨ ਨੇਹਾ ਬੋਰਾ ਨੇ ਕਿਹਾ ਹੈ ਕਿ ਜੰਤਰ-ਮੰਤਰ 'ਤੇ ਦੇਖਿਆ ਗਿਆ ਗੁੱਸਾ ਰਾਤੋ-ਰਾਤ ਨਹੀਂ ਉੱਭਰਿਆ। ਨੇਹਾ ਬੋਰਾ ਨੇ 800 ਤੋਂ ਵੱਧ ਨੌਜਵਾਨਾਂ ਦੀ ਸ਼ਮੂਲੀਅਤ ਵਾਲੇ ਮੁੰਬਈ ਦੇ ਇੱਕ ਸਮਾਗਮ ਵਿੱਚ ਬੋਲਦਿਆਂ ਕਿਹਾ ਕਿ ਇਹ ਸਾਲਾਂ ਦੇ ਵਿਰੋਧ ਪ੍ਰਦਰਸ਼ਨਾਂ ਅਤੇ ਨੌਜਵਾਨਾਂ ਵਿੱਚ ਵਧਦੀ ਨਿਰਾਸ਼ਾ ਨੂੰ ਦਰਸਾਉਂਦਾ ਹੈ।ਬੋਰਾ ਨੇ ਹਾਲੀਆ ਅੰਦੋਲਨ ਨੂੰ ਪਹਿਲਾਂ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਜੋੜਿਆ, ਜਿਸ ਵਿੱਚ ਕਿਸਾਨ ਅੰਦੋਲਨ ਅਤੇ ਛਅਅ ਵਿਰੋਧੀ ਪ੍ਰਦਰਸ਼ਨ ਸ਼ਾਮਲ ਸਨ। ਉਸਨੇ ਜਾਮੀਆ ਮਿਲੀਆ ਇਸਲਾਮੀਆ ਵਿਖੇ 2019 ਦੇ ਵਿਰੋਧ ਪ੍ਰਦਰਸ਼ਨਾਂ ਨੂੰ ਵੀ ਯਾਦ ਕੀਤਾ, ਕਿਹਾ ਕਿ ਨਾਗਰਿਕਤਾ ਅਧਿਕਾਰਾਂ ਲਈ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨੂੰ ਜ਼ਬਰਦਸਤ ਹੁੰਗਾਰੇ ਦਾ ਸਾਹਮਣਾ ਕਰਨਾ ਪਿਆ।ਬੋਰਾ ਨੇ ਕਿਹਾ ਕਿ ਹਾਲੀਆ ਜਨਰਲ ਜ਼ੈੱਡ ਵਿਰੋਧ ਪ੍ਰਦਰਸ਼ਨਾਂ ਨੇ ਦਿਖਾਇਆ ਹੈ ਕਿ ਨੌਜਵਾਨ ਰਾਜਨੀਤਿਕ ਅਤੇ ਲੋਕਤੰਤਰੀ ਅੰਦੋਲਨਾਂ ਵਿੱਚ ਹਿੱਸਾ ਲੈਣ ਲਈ ਤਿਆਰ ਹਨ। ਉਸਨੇ ਜਾਤੀ ਅਤੇ ਧਾਰਮਿਕ ਪਿਛੋਕੜ ਵਾਲੇ ਲੋਕਾਂ ਨੂੰ ਇਕੱਠੇ ਖੜ੍ਹੇ ਹੋਣ ਦਾ ਸੱਦਾ ਦਿੱਤਾ, ਇਹ ਕਹਿੰਦੇ ਹੋਏ ਕਿ ਏਕਤਾ ਅਜਿਹੇ ਅੰਦੋਲਨਾਂ ਨੂੰ ਮਜ਼ਬੂਤ ਬਣਾ ਸਕਦੀ ਹੈ।

# ਭਾਜਪਾ ਦੀਆਂ ਮਿੰਨਤਾਂ 'ਤੇ ਉੱਤਰਿਆ ਅਕਾਲੀ ਦਲ:ਮਾਨ

ਤਰਨ ਤਾਰਨ:-ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਨੂੰ ਮਜੀਠਾ ਹਲਕੇ ਦੇ ਕਸਬਾ ਚਵਿੰਡਾ ਦੇਵੀ ਵਿੱਚ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ 'ਤੇ ਤਿੱਖਾ ਸਿਆਸੀ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਇਸ ਹਲਕੇ 'ਚੋਂ ਮਜੀਠੀਆ ਦਾ 'ਗੁੰਡਾ ਰਾਜ' ਹੁਣ ਖ਼ਤਮ ਹੋ ਚੁੱਕਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਮਜੀਠੀਆ ਪਰਿਵਾਰ ਦੇਸ਼ ਦਾ ਗ਼ੱਦਾਰ ਹੈ, ਜਿਸ ਨੇ ਜੱਲ੍ਹਿਆਂਵਾਲਾ ਬਾਗ ਦੇ ਗੋਲੀਕਾਂਡ ਵਾਲੀ ਰਾਤ ਜਨਰਲ ਡਾਇਰ ਨੂੰ ਆਪਣੇ ਘਰ ਖਾਣਾ ਖਵਾਇਆ ਸੀ।ਸ਼੍ਰੋਮਣੀ ਅਕਾਲੀ ਦਲ ਬਾਰੇ ਉਨ੍ਹਾਂ ਕਿਹਾ ਕਿ ਇਹ ਪਾਰਟੀ ਆਪਣੀ ਹੋਂਦ ਬਚਾਉਣ ਲਈ ਭਾਜਪਾ ਨਾਲ ਗੱਠਜੋੜ ਕਰਨ ਦੀਆਂ ਮਿੰਨਤਾਂ ਕਰ ਰਹੀ ਹੈ। ਅਕਾਲੀ ਸਰਕਾਰ ਵੇਲੇ ਸ਼ਰ੍ਹੇਆਮ ਨਸ਼ਾ ਵਿਕਦਾ ਸੀ ਅਤੇ ਇਹ ਲੋਕ ਪੰਜਾਬ ਦੀ ਜਵਾਨੀ ਦੇ ਕਾਤਲ ਹਨ।ਅਕਾਲੀ ਦਲ ਦਾ ਸਿਆਸੀ ਬੇੜਾ ਡੁੱਬ ਚੁੱਕਾ ਹੈ ਅਤੇ ਉਹ ਹੁਣ ਭਾਜਪਾ ਦੀ ਬੇੜੀ ਵਿੱਚ ਸਵਾਰ ਹੋਣ ਲਈ ਤਰਲੋਮੱਛੀ ਹੋ ਰਹੇ ਹਨ।

# ਅਮਰੀਕਾ ਨੇ 2 ਲੱਖ ਟੂਰਿਸਟ ਵੀਜ਼ਾ ਕਰੇਗਾ ਰੱਦ

ਵਾਸ਼ਿੰਗਟਨ- ਟਰੰਪ ਪ੍ਰਸ਼ਾਸਨ ਅਮਰੀਕਾ ਦੇ ਇਤਿਹਾਸ ਵਿਚ ਵੀਜ਼ੇ ਰੱਦ ਕਰਨ ਦੀ ਸਭ ਤੋਂ ਵੱਡੀ ਸਮੂਹਿਕ ਕਾਰਵਾਈ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਯੋਜਨਾ ਅਧੀਨ ਸਾਲ 2016 ਤੋਂ 2026 ਵਿਚਕਾਰ ਜਾਰੀ ਕੀਤੇ ਗਏ ਦੋ ਲੱਖ ਤੱਕ ਬੀ-1 ਕਾਰੋਬਾਰੀ ਅਤੇ ਬੀ-2 ਸੈਲਾਨੀ ਵੀਜ਼ੇ ਰੱਦ ਹੋ ਸਕਦੇ ਹਨ। ਇਹ ਕਾਰਵਾਈ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਵਿਰੁੱਧ ਹੋਵੇਗੀ, ਜਿਨ੍ਹਾਂ ਨੇ ਸੈਲਾਨੀ ਜਾਂ ਕਾਰੋਬਾਰੀ ਵੀਜ਼ੇ ਉੱਤੇ ਅਮਰੀਕਾ ਆਉਣ ਤੋਂ ਬਾਅਦ ਪਨਾਹ ਲਈ ਅਰਜ਼ੀ ਦਿੱਤੀ ਹੈ ਜਾਂ ਇਸ ਵੇਲੇ ਪਨਾਹ ਮੰਗ ਰਹੇ ਹਨ।ਐਸੋਸੀਏਟਡ ਪ੍ਰੈੱਸ ਵੱਲੋਂ ਪ੍ਰਾਪਤ ਵਿਦੇਸ਼ ਵਿਭਾਗ ਦੇ ਦਸਤਾਵੇਜ਼ਾਂ ਅਤੇ ਦੋ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਜੇ ਯੋਜਨਾ ਵਿਚ ਕੋਈ ਤਬਦੀਲੀ ਨਾ ਹੋਈ ਜਾਂ ਅਦਾਲਤੀ ਰੋਕ ਨਾ ਲੱਗੀ, ਤਾਂ ਵਿਦੇਸ਼ ਵਿਭਾਗ ਆਉਣ ਵਾਲੇ ਹਫ਼ਤਿਆਂ ਵਿਚ ਇਸਦਾ ਰਸਮੀ ਐਲਾਨ ਕਰ ਸਕਦਾ ਹੈ। ਇਹ ਕਾਰਵਾਈ ਗ੍ਰਹਿ ਸੁਰੱਖਿਆ ਵਿਭਾਗ ਨਾਲ ਮਿਲ ਕੇ ਕੀਤੀ ਜਾਵੇਗੀ।ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੌਟ ਅਨੁਸਾਰ ਵਿਭਾਗ ਉਨ੍ਹਾਂ ਵਿਅਕਤੀਆਂ ਦੀ ਪਛਾਣ ਕਰਨ ਲਈ ਗ੍ਰਹਿ ਸੁਰੱਖਿਆ ਵਿਭਾਗ ਨਾਲ ਤਾਲਮੇਲ ਕਰ ਰਿਹਾ ਹੈ, ਜਿਹੜੇ ਥੋੜ੍ਹੇ ਸਮੇਂ ਲਈ ਅਮਰੀਕਾ ਆਉਣ ਦਾ ਦਾਅਵਾ ਕਰਕੇ ਦਾਖ਼ਲ ਹੋਏ ਪਰ ਬਾਅਦ ਵਿਚ ਪੱਕੇ ਤੌਰ 'ਤੇ ਰਹਿਣ ਲਈ ਪਨਾਹ ਦੀ ਅਰਜ਼ੀ ਦੇ ਦਿੱਤੀ। ਬੁਲਾਰੇ ਨੇ ਪ੍ਰਭਾਵਿਤ ਲੋਕਾਂ ਦੀ ਅੰਤਿਮ ਗਿਣਤੀ ਦੀ ਪੁਸ਼ਟੀ ਨਹੀਂ ਕੀਤੀ। ਉਨ੍ਹਾਂ ਮੁਤਾਬਕ ਜਾਂਚ ਅਤੇ ਵੀਜ਼ਾ ਰੱਦ ਕਰਨ ਦੀ ਕਾਰਵਾਈ ਲਗਾਤਾਰ ਪੜਾਵਾਂ ਵਿਚ ਹੋ ਸਕਦੀ ਹੈ, ਇਸ ਲਈ ਅੰਕੜਾ ਬਦਲ ਸਕਦਾ ਹੈ।

AKAL TRAVEL
ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ




We Represent All Major Airline
We Will Beat Or Match Any Price
Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA
* PASSPORT * TRANSLATION
PHONE : 253-852-1984, 253-852-1985
24 HOUR EMERGENCY SERVICE
206-370-9480
TOLL FREE :
1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM

ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)
176 E Pole Road / 6934 Meridian St    Lynden, WA. 98264 (Bellingham)




29 ਅਗਸਤ ਦਿਨ ਸ਼ਨਿੱਚਰਵਾਰ ਸਵੇਰੇ ਰਿਮਲਦੀਪ ਸਿੰਘ ਪਰਿਵਾਰ ਵੱਲੋਂ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਤੇ ਲੰਗਰਾਂ ਦੀ ਸੇਵਾ ਹੋਵੇਗੀ।
30 ਅਗਸਤ ਦਿਨ ਐਤਵਾਰ ਨੂੰ ਜਤਿੰਦਰ ਸਿੰਘ ਰੰਧਾਵਾ ਪਰਿਵਾਰ ਵੱਲੋਂ ਲੰਗਰਾਂ ਦੀ ਸੇਵਾ ਹੋਵੇਗੀ।
ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184
ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਬੋਥਲ ਦੀ 'ਰਸਟਿਕ ਬਾਰਨ' ਵਿੱਚ ਪੰਜਾਬੀ ਦੇ ਭਵਿੱਖ 'ਤੇ ਗੰਭੀਰ ਸੰਵਾਦ

## ਪਾਲੀ ਭੁਪਿੰਦਰ ਸਿੰਘ ਨੇ ਭਾਸ਼ਾ, ਸਾਹਿਤ, ਰੰਗਮੰਚ ਅਤੇ ਪੰਜਾਬ ਦੇ ਸਮਕਾਲੀ ਮਸਲਿਆਂ 'ਤੇ ਕੀਤੀ ਵਿਚਾਰ-ਚਰਚਾ





ਬੋਥਲ: ਸਿਆਟਲ ਵਾਸ਼ਿੰਗਟਨ (ਹਰਪਾਲ ਸਿੱਧੂ)23 ਅਗਸਤ 2026: ਪੰਜਾਬ ਤੋਂ ਹਜ਼ਾਰਾਂ ਮੀਲ ਦੂਰ, ਸਿਆਟਲ ਦੇ ਉੱਤਰ-ਪੂਰਬ ਵੱਲ ਬੋਥਲ ਦੇ ਹਰੇ-ਭਰੇ ਅਤੇ ਸ਼ਾਂਤ ਮਾਹੌਲ ਵਿੱਚ ਐਤਵਾਰ ਦੀ ਸ਼ਾਮ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੇ ਕਈ ਗੰਭੀਰ ਸਵਾਲਾਂ ਨੇ ਇੱਕ ਵਾਰ ਫਿਰ ਆਪਣਾ ਸਿਰ ਚੁੱਕਿਆ। ਮੌਕਾ ਸੀ ਪੰਜਾਬੀ ਭਾਸ਼ਾ, ਸਾਹਿਤ ਅਤੇ ਕਲਾਵਾਂ ਬਾਰੇ ਇੱਕ ਵਿਸ਼ੇਸ਼ ਵਿਚਾਰ-ਗੋਸ਼ਠੀ ਦਾ, ਜਿਸ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਜੁੜੇ ਪ੍ਰਸਿੱਧ ਨਾਟਕਕਾਰ, ਰੰਗਮੰਚਕਰਮੀ, ਲੇਖਕ ਅਤੇ ਵਿਦਵਾਨ ਪਾਲੀ ਭੁਪਿੰਦਰ ਸਿੰਘ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਸਿਆਟਲ, ਰੈਂਟਨ, ਕੈਂਟ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਲਗਭਗ 40-50 ਪਰਿਵਾਰਾਂ ਨੇ ਸ਼ਿਰਕਤ ਕੀਤੀ। ਇਸ ਗੋਸ਼ਠੀ ਦੇ ਪ੍ਰਬੰਧ ਵਿੱਚ ਹਰਜੀਤ ਸੰਧੂ, ਸੁਖਚੈਨ ਸੰਧੂ, ਖੁਸ਼ ਬਰਾੜ ਅਤੇ ਓਹਨਾ ਦੀ ਧਰਮ ਪਤਨੀ ਪੈਰੀ ਬਰਾੜ ਅਤੇ ਵੱਡੇ ਭਰਾ ਤੇਜਵਿੰਦਰ ਬਰਾੜ ਹੋਣਾ ਦੀ ਅਹਿਮ ਭੂਮਿਕਾ ਰਹੀ।

ਸਮਾਗਮ ਦੇ ਮੁੱਖ ਬੁਲਾਰੇ ਪਾਲੀ ਭੁਪਿੰਦਰ ਸਿੰਘ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਜਾਣੇ-ਪਛਾਣੇ ਨਾਮ ਹਨ। ਉਹ ਨਾਟਕਕਾਰ, ਰੰਗਮੰਚ ਨਿਰਦੇਸ਼ਕ, ਲੇਖਕ ਅਤੇ ਅਧਿਆਪਕ ਵਜੋਂ ਲੰਮੇ ਸਮੇਂ ਤੋਂ ਪੰਜਾਬੀ ਸਾਹਿਤ ਅਤੇ ਕਲਾਵਾਂ ਨਾਲ ਜੁੜੇ ਹੋਏ ਹਨ।ਗੋਸ਼ਠੀ ਦੌਰਾਨ ਵਾਰ-ਵਾਰ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਪੰਜਾਬੀ ਭਾਸ਼ਾ ਦਾ ਭਵਿੱਖ ਸਿਰਫ਼ ਪੰਜਾਬ ਵਿੱਚ ਨਹੀਂ, ਸਗੋਂ ਦੁਨੀਆ ਭਰ ਵਿੱਚ ਵੱਸਦੇ ਪੰਜਾਬੀਆਂ ਨਾਲ ਵੀ ਜੁੜਿਆ ਹੋਇਆ ਹੈ। ਖ਼ਾਸ ਕਰਕੇ ਵਿਦੇਸ਼ਾਂ ਵਿੱਚ ਜਨਮੀ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨਾ ਇੱਕ ਵੱਡੀ ਚੁਣੌਤੀ ਹੈ।ਮੁੱਖ ਸੰਬੋਧਨ ਤੋਂ ਬਾਅਦ ਹੋਏ ਸਵਾਲ-ਜਵਾਬ ਦੇ ਦੌਰ ਨੇ ਗੋਸ਼ਠੀ ਨੂੰ ਹੋਰ ਵੀ ਰੌਚਕ ਬਣਾ ਦਿੱਤਾ। ਸਰੋਤਿਆਂ ਵੱਲੋਂ ਪੰਜਾਬੀ ਭਾਸ਼ਾ, ਸਾਹਿਤ, ਪੰਜਾਬ ਦੇ ਇਤਿਹਾਸ, ਮੌਜੂਦਾ ਰਾਜਨੀਤਿਕ ਹਾਲਾਤ, ਪ੍ਰਵਾਸੀ ਪੰਜਾਬੀਆਂ ਦੀ ਭੂਮਿਕਾ ਅਤੇ ਨਵੀਂ ਪੀੜ੍ਹੀ ਨਾਲ ਪੰਜਾਬੀ ਨੂੰ ਜੋੜਨ ਸਬੰਧੀ ਸਵਾਲ ਕੀਤੇ ਗਏ।ਪਾਲੀ ਭੁਪਿੰਦਰ ਸਿੰਘ ਨੇ ਇਨ੍ਹਾਂ ਸਵਾਲਾਂ ਦੇ ਜਵਾਬ ਦਿੰਦਿਆਂ ਸਰੋਤਿਆਂ ਨਾਲ ਖੁੱਲ੍ਹਾ ਸੰਵਾਦ ਕਾਇਮ ਰੱਖਿਆ। ਇਸ ਨਾਲ ਸਮਾਗਮ ਇੱਕ-ਤਰਫ਼ਾ ਭਾਸ਼ਣ ਦੀ ਬਜਾਏ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਮੰਚ ਬਣ ਗਿਆ। ਇਸ ਤੋਂ ਬਾਅਦ ਖੁਸ਼ ਬਰਾੜ ਅਤੇ ਉਨ੍ਹਾਂ ਦੀ ਧਰਮਪਤਨੀ ਤੇਜਵਿੰਦਰ ਬਰਾੜ ਵੱਲੋਂ ਮੁੱਖ ਬੁਲਾਰੇ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਦੁਨੀਆਂ ਭਰ 'ਚ ਨਵੀਆਂ ਅਮਰੀਕੀ ਵੀਜ਼ਾ ਅਪਾਇੰਟਮੈਂਟਾਂ 'ਤੇ ਅਸਥਾਈ ਰੋਕ ਦੀ ਰਿਪੋਰਟ

ਵਾਸ਼ਿੰਗਟਨ- ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਦੁਨੀਆਂ ਭਰ ਦੇ ਵੀਜ਼ਾ ਬਿਨੈਕਾਰਾਂ ਲਈ ਇੱਕ ਮਹੱਤਵਪੂਰਨ ਖ਼ਬਰ ਸਾਹਮਣੇ ਆਈ ਹੈ। ਰਾਇਟਰਜ਼ ਦੀ 26 ਅਗਸਤ 2026 ਦੀ ਤਾਜ਼ਾ ਰਿਪੋਰਟ ਮੁਤਾਬਕ, ਟਰੰਪ ਪ੍ਰਸ਼ਾਸਨ ਨੇ ਦੁਨੀਆਂ ਭਰ ਵਿਚ ਸਥਿਤ ਅਮਰੀਕੀ ਅੰਬੈਸੀਆਂ ਅਤੇ ਕੌਂਸਲੇਟਾਂ ਨੂੰ ਨਵੀਆਂ ਵੀਜ਼ਾ ਅਪਾਇੰਟਮੈਂਟਾਂ ਅਸਥਾਈ ਤੌਰ ਉੱਤੇ ਰੋਕਣ ਲਈ ਕਿਹਾ ਹੈ। ਇਸ ਕਾਰਵਾਈ ਨੂੰ ਕੌਂਸਲਰ ਅਧਿਕਾਰੀਆਂ ਲਈ ਨਵੇਂ ਜਾਂਚ-ਪੜਤਾਲ ਨਿਰਦੇਸ਼ਾਂ ਅਤੇ ਸਿਖਲਾਈ ਨਾਲ ਜੋੜਿਆ ਜਾ ਰਿਹਾ ਹੈ।

ਰਿਪੋਰਟ ਅਨੁਸਾਰ ਨਵੀਂ ਸਿਖਲਾਈ ਦਾ ਇੱਕ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਵੱਖ-ਵੱਖ ਦੇਸ਼ਾਂ ਵਿਚ ਤਾਇਨਾਤ ਅਮਰੀਕੀ ਕੌਂਸਲਰ ਅਧਿਕਾਰੀ ਵੀਜ਼ਾ ਬਿਨੈਕਾਰਾਂ ਦੀ ਜਾਂਚ ਇੱਕਸਾਰ ਅਤੇ ਹੋਰ ਸਖ਼ਤ ਮਾਪਦੰਡਾਂ ਅਧੀਨ ਕਰਨ। ਖ਼ਾਸ ਤੌਰ ਉੱਤੇ ਬਿਨੈਕਾਰ ਦੀ ਆਰਥਿਕ ਸਥਿਤੀ, ਆਮਦਨ ਦੇ ਸਰੋਤ, ਯਾਤਰਾ ਦਾ ਮਕਸਦ ਅਤੇ ਭਵਿੱਖ ਵਿਚ ਅਮਰੀਕੀ ਸਰਕਾਰੀ ਸਹਾਇਤਾ ਉੱਤੇ ਨਿਰਭਰ ਹੋਣ ਦੀ ਸੰਭਾਵਨਾ ਨੂੰ ਵਧੇਰੇ ਧਿਆਨ ਨਾਲ ਦੇਖਿਆ ਜਾ ਸਕਦਾ ਹੈ। ਇਸਨੂੰ ਆਮ ਤੌਰ ਉੱਤੇ "ਪਬਲਿਕ ਚਾਰਜ" ਜਾਂ ਸਰਕਾਰੀ ਸਹਾਇਤਾ ਉੱਤੇ ਸੰਭਾਵੀ ਨਿਰਭਰਤਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਰਾਇਟਰਜ਼ ਮੁਤਾਬਕ ਕੁਝ ਅਜਿਹੇ ਬਿਨੈਕਾਰਾਂ ਨੂੰ ਵੀ ਇੰਟਰਵਿਊ ਮੁੜ ਨਿਰਧਾਰਤ ਹੋਣ ਦੀਆਂ ਸੂਚਨਾਵਾਂ ਮਿਲੀਆਂ ਹਨ, ਜਿਨ੍ਹਾਂ ਦੀਆਂ ਅਪਾਇੰਟਮੈਂਟਾਂ ਪਹਿਲਾਂ ਹੀ ਤੈਅ ਸਨ। ਹਾਲਾਂਕਿ, ਅਸਥਾਈ ਰੋਕ ਕਿੰਨੇ ਦਿਨ ਚੱਲੇਗੀ ਅਤੇ ਆਮ ਅਪਾਇੰਟਮੈਂਟਾਂ ਕਦੋਂ ਮੁੜ ਸ਼ੁਰੂ ਹੋਣਗੀਆਂ, ਇਸ ਬਾਰੇ ਕੋਈ ਪੱਕੀ ਸਮਾਂ-ਸੀਮਾ ਸਾਹਮਣੇ ਨਹੀਂ ਆਈ। ਵੱਖ-ਵੱਖ ਦੇਸ਼ਾਂ ਜਾਂ ਕੌਂਸਲੇਟਾਂ ਵਿਚ ਇਸਦਾ ਅਮਲ ਵੱਖਰੇ ਸਮੇਂ ਉੱਤੇ ਵੀ ਹੋ ਸਕਦਾ ਹੈ।


# ਅਮਰੀਕੀ ਕਰਜ਼ਾ ਤੇਜ਼ੀ ਨਾਲ ਵਧਣ ਕਾਰਨ ਲੰਬੇ ਸਮੇਂ ਦੀਆਂ ਵਿਆਜ ਦਰਾਂ ਉੱਚੀਆਂ ਰਹਿਣ ਦਾ ਖ਼ਤਰਾ

ਵਾਸ਼ਿੰਗਟਨ- ਅਮਰੀਕਾ ਦਾ ਸਰਕਾਰੀ ਕਰਜ਼ਾ ਆਰਥਿਕ ਵਿਕਾਸ ਨਾਲੋਂ ਤੇਜ਼ੀ ਨਾਲ ਵਧਣ ਕਾਰਨ ਲੰਬੇ ਸਮੇਂ ਦੀਆਂ ਵਿਆਜ ਦਰਾਂ ਉੱਚੀਆਂ ਰਹਿਣ ਦਾ ਖ਼ਤਰਾ ਵਧ ਰਿਹਾ ਹੈ। ਰਾਇਟਰਜ਼ ਦੇ ਤਾਜ਼ਾ ਵਿਸ਼ਲੇਸ਼ਣ ਅਨੁਸਾਰ ਦੇਸ਼ ਦਾ ਸਾਲਾਨਾ ਬਜਟ ਘਾਟਾ ਕੁੱਲ ਘਰੇਲੂ ਉਤਪਾਦ ਦੇ ਲਗਭਗ 6 ਫ਼ੀਸਦੀ ਦੇ ਨੇੜੇ ਹੈ। ਆਮ ਤੌਰ ਉੱਤੇ ਇੰਨਾ ਵੱਡਾ ਘਾਟਾ ਮੰਦੀ ਜਾਂ ਕਿਸੇ ਕੌਮੀ ਸੰਕਟ ਦੌਰਾਨ ਦੇਖਿਆ ਜਾਂਦਾ ਹੈ, ਪਰ ਇਸ ਵੇਲੇ ਅਰਥਵਿਵਸਥਾ ਵਿਚ ਵਾਧਾ ਹੋਣ ਦੇ ਬਾਵਜੂਦ ਸਰਕਾਰੀ ਖ਼ਰਚੇ ਅਤੇ ਆਮਦਨ ਵਿਚਕਾਰ ਵੱਡਾ ਅੰਤਰ ਬਣਿਆ ਹੋਇਆ ਹੈ।

ਵਿਸ਼ਲੇਸ਼ਣ ਮੁਤਾਬਕ ਸਮਾਜਿਕ ਸੁਰੱਖਿਆ, ਮੈਡੀਕੇਅਰ, ਬਜ਼ੁਰਗ ਆਬਾਦੀ ਨਾਲ ਜੁੜੇ ਖ਼ਰਚਿਆਂ ਅਤੇ ਸਰਕਾਰੀ ਕਰਜ਼ੇ ਦੇ ਵਿਆਜ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਟਰੰਪ ਦੇ ਪਹਿਲੇ ਅਤੇ ਮੌਜੂਦਾ ਕਾਰਜਕਾਲ ਦੌਰਾਨ ਪਾਸ ਹੋਈਆਂ ਟੈਕਸ ਕਟੌਤੀਆਂ ਨੇ ਵੀ ਸਰਕਾਰੀ ਆਮਦਨ ਉੱਤੇ ਦਬਾਅ ਪਾਇਆ ਹੈ। ਜਦੋਂ ਸਰਕਾਰ ਖ਼ਰਚੇ ਪੂਰੇ ਕਰਨ ਲਈ ਹੋਰ ਬੌਂਡ ਵੇਚਦੀ ਹੈ, ਤਾਂ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਵਾਸਤੇ ਵਧੇਰੇ ਵਿਆਜ ਦੇਣਾ ਪੈ ਸਕਦਾ ਹੈ।

ਫਿਲਹਾਲ ਨਿਵੇਸ਼ਕ ਅਮਰੀਕੀ ਖ਼ਜ਼ਾਨਾ ਬੌਂਡਾਂ ਨੂੰ ਦੁਨੀਆਂ ਦੇ ਸਭ ਤੋਂ ਸੁਰੱਖਿਅਤ ਨਿਵੇਸ਼ਾਂ ਵਿਚੋਂ ਇੱਕ ਮੰਨਦੇ ਹਨ। ਅਮਰੀਕੀ ਕਰਜ਼ੇ ਦੀ ਕੋਈ ਨਵੀਂ ਦਰਜਾ-ਕਟੌਤੀ ਨਹੀਂ ਹੋਈ ਅਤੇ ਸਰਕਾਰੀ ਡਿਫਾਲਟ ਤੋਂ ਬਚਾਅ ਦੀ ਲਾਗਤ ਵੀ ਅਚਾਨਕ ਨਹੀਂ ਵਧੀ। ਇਸ ਲਈ ਰਿਪੋਰਟ ਕਿਸੇ ਤੁਰੰਤ ਵਿੱਤੀ ਸੰਕਟ ਜਾਂ ਅਮਰੀਕੀ ਸਰਕਾਰ ਵੱਲੋਂ ਕਰਜ਼ਾ ਨਾ ਚੁਕਾ ਸਕਣ ਦੀ ਘੋਸ਼ਣਾ ਨਹੀਂ ਕਰਦੀ।

J&S CABINET DOORS LTD
phone:604-507-0561 fax:604-507-0562
unit 101-13070-115Ave, Surrey, BC V3R2T9
email:info@jscd.ca web:www.jscd.ca




We have manufactured high-end cabinet doors since 1997. We offer a variety of door styles. For inquiries visit our new factory or reach out at sales@jscd.ca
Ph:604-507-0561

17 SECTOR
Fashion & Fabrics
- ਨਵੇਂ ਜਨਮੇ ਬੱਚਿਆਂ (ਕੁੜੀਆਂ ਤੇ ਮੁੰਡੇ) ਦੇ ਕੱਪੜਿਆਂ ਦੀ ਸ਼ਿਪਮੈਂਟ ਪਹੁੰਚ ਚੁੱਕੀ ਹੈ। ਇਹਨਾਂ ਤੇ ਭਾਰੀ ਸੇਲ ਲੱਗੀ ਹੈ।
- ਗਰਮ ਕੋਟ ਪੈਂਟ ਦਾ ਕੱਪੜਾ ਵੀ ਆ ਚੁੱਕਾ ਹੈ
- ਮੈਨਜ਼ ਕੁਰਤੇ ਪਜਾਮੇ, ਜੈਕਟਾਂ ਤੇ ਭਾਰੀ ਸੇਲ
- ਲੇਡੀਜ਼ ਵਾਸਤੇ ਕਸਟਮ ਸਟਿਚਡ ਸੂਟ ਸੇਲ ਤੇ
- ਕੋਈ ਵੀ ਸਮਾਨ ਦੀ ਖਰੀਦਦਾਰੀ ਤੇ ਛੋਟੇ ਬੱਚਿਆਂ ਵਾਸਤੇ ਫਰੀ ਰੁਮਾਲ ਜਾਂ ਪਟਕੇ
- ਛੋਟੀਆਂ ਕੁੜੀਆਂ ਦੇ ਨਵੇਂ ਸਟਾਇਲ ਦੇ ਸੂਟ ਪਹੁੰਚ ਗਏ ਹਨ

Special Sale
ਸਪੈਸ਼ਲ ਸੇਲ
Mens Printed Vests
1 for $50 & 3 For $100
Unstiched ਲੇਡੀਜ ਸੂਟਾਂ ਤੇ ਭਾਰੀ ਸੇਲ

ਲੇਡੀਜ ਨਾਇਰਾ ਕੱਟ ਸੂਟ ਇਕ ਲਉ ਇਕ FREE
Mens & Boys ਕੁੜਤਾ ਪਜਾਮਾ 10% ਤੋਂ 30% Off Limited Stock



ਲਹਿੰਗੇ $75 ਤੋਂ ਸ਼ੁਰੂ
ਕੁੜੀਆਂ ਦੇ ਫੈਂਸੀ ਸੂਟਾਂ ਦੀ ਭਾਰੀ ਸ਼ਿਪਮੈਂਟ ਪਹੁੰਚ ਚੁੱਕੀ ਹੈ



ਅਸੀਂ ਹਰ ਤਰਾਂ ਦੇ ਕੱਪੜਿਆਂ ਦੀ ਸਿਲਾਈ ਅਤੇ ਆਲਟਰੇਸ਼ਨ ਕਰਦੇ ਹਾਂ
(We Have All Sizes From New Born To Size 56)
Large Discounts On Artificial Jewellery
#186-8138 128 St, Surrey, BC
Ph:604.594.1788

## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

# ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,

-SIJ Guardianship Cases

- Car Accidents/Personal Injury
- Evictions

ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ

–ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,

ਯੂ–ਵੀਜਾ, ਵਾਅਵਾ,

–SIJ ਗਾਰਡੀਅਨਸ਼ਿਪ ਕੇਸ

–ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ

–ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

Add: 13106 S. East 240th St., #110, Kent, WA 98031

# 108 ਸਾਲਾ ਬੇਬੇ ਦੀ ਮੌਤ ’ਤੇ ਪਰਿਵਾਰ ਨੇ ਢੋਲ ਵਜਾਏ

ਫਾਜ਼ਿਲਕਾ:-ਫਾਜ਼ਿਲਕਾ ਵਿੱਚ 108 ਸਾਲਾ ਬਜ਼ੁਰਗ ਮਹਿਲਾ ਦੀ ਅੰਤਿਮ ਵਿਦਾਇਗੀ ਦਾ ਮਾਮਲਾ ਅੱਜ ਚਰਚਾ ਦਾ ਕੇਂਦਰ ਹੈ। ਪਰਿਵਾਰ ਨੇ ਇਸ ਬਜ਼ੁਰਗ ਦੀ ਮੌਤ ’ਤੇ ਗਮ ਵਿੱਚ ਡੁੱਬਣ ਦੀ ਬਜਾਏ ਉਸ ਦੀ ਆਖਰੀ ਇੱਛਾ ਪੂਰੀ ਕਰਦਿਆਂ ਖੁਸ਼ੀ ਅਤੇ ਸਤਿਕਾਰ ਨਾਲ ਅੰਤਿਮ ਯਾਤਰਾ ਕੱਢੀ। ਘਰ ਤੋਂ ਸ਼ਮਸ਼ਾਨ ਘਾਟ ਤੱਕ ਅਰਥੀ ਨਾਲ ਢੋਲ ਵਜਾਏ ਗਏ ਅਤੇ ਰਸਤੇ ਵਿੱਚ ਪਟਾਕੇ ਵੀ ਚਲਾਏ ਗਏ। ਇਸ ਦੌਰਾਨ ਪਰਿਵਾਰਕ ਮੈਂਬਰਾਂ ਨੇ ਭੰਗੜਾ ਵੀ ਪਾਇਆ।ਜਾਣਕਾਰੀ ਅਨੁਸਾਰ ਇਸ ਬਜ਼ੁਰਗ ਮਹਿਲਾ ਦੀ ਤਬੀਅਤ ਪਿਛਲੇ ਇੱਕ ਹਫ਼ਤੇ ਤੋਂ ਖ਼ਰਾਬ ਸੀ ਅਤੇ ਇਲਾਜ ਚਲ ਰਿਹਾ ਸੀ। ਉਸ ਦਾ 27 ਅਗਸਤ ਨੂੰ ਦੇਹਾਂਤ ਹੋ ਗਿਆ। ਇਸ ਬਜ਼ੁਰਗ ਨੇ ਆਪਣੀ ਜ਼ਿੰਦਗੀ ਦੇ 108 ਸਾਲ ਮੁਕੰਮਲ ਕੀਤੇ ਅਤੇ ਪਰਿਵਾਰ ਦੀ ਚੌਥੀ ਪੀੜ੍ਹੀ ਨੂੰ ਵੀ ਦੇਖਿਆ।

# ਮੋਂਟਾਨਾ ‘ਚ ਵਿਅਕਤੀ ਵੱਲੋਂ 8 ਦੀ ਹੱਤਿਆ ਕਰਨ ਉਪਰੰਤ ਖੁਦਕੁਸ਼ੀ

ਸੈਕਰਾਮੈਂਟੋ(ਹੁਸਨ ਲੜੋਆ ਬੰਗਾ)- ਬਿਲਿੰਗਜ਼, ਮੋਂਟਾਨਾ ਵਿਚ ਇਕ ਵਿਅਕਤੀ ਵੱਲੋਂ 4 ਬੱਚਿਆਂ ਸਮੇਤ 8 ਵਿਅਕਤੀਆਂ ਦੀ ਹੱਤਿਆ ਕਰਨ ਉਪਰੰਤ ਖੁਦਕੁਸ਼ੀ ਕਰ ਲਈ ਗਈ। ਦੋਸ਼ੀ ਮ੍ਰਿਤਕਾਂ ਦਾ ਰਿਸ਼ਤੇਦਾਰ ਦੱਸਿਆ ਜਾਂਦਾ ਹੈ। ਗੋਲੀਬਾਰੀ ਹੋਣ ਉਪਰੰਤ ਘਰ ਨੂੰ ਅੱਗ ਲੱਗ ਗਈ। ਸੂਚਨਾ ਮਿਲਣ ‘ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ, ਤਾਂ ਉਸ ਸਮੇਂ ਤੱਕ ਘਰ ਪੂਰੀ ਤਰ੍ਹਾਂ ਅੱਗ ਵਿਚ ਘਿਰ ਚੁੱਕਾ ਸੀ। ਮ੍ਰਿਤਕਾਂ ਵਿਚ ਪੜਦਾਦੀ ਤੋਂ ਲੈ ਕੇ 7 ਸਾਲ ਦੀ ਬੱਚੀ ਤੱਕ ਸ਼ਾਮਲ ਹਨ। ਬਿਲਿੰਗਜ਼ ਪੁਲਿਸ ਵਿਭਾਗ ਦੇ ਸਹਾਇਕ ਪੁਲਿਸ ਮੁਖੀ ਸ਼ੌਨ ਮਾਇਓ ਨੇ ਕਿਹਾ ਕਿ ਅਧਿਕਾਰੀ ਸੂਚਨਾ ਮਿਲਣ ਤੋਂ 11 ਮਿੰਟ ਬਾਅਦ ਮੌਕੇ ‘ਤੇ ਪਹੁੰਚੇ। ਉਨ੍ਹਾਂ ਨੇ ਵਿਹੜੇ ਵਿਚ ਇੱਕ ਪੁਰਸ਼ ਨੂੰ ਦੇਖਿਆ ਅਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਉਸ ਨੂੰ ਗੋਲੀ ਵੱਜੀ ਹੋਈ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਸੰਭਾਵੀ ਤੌਰ ‘ਤੇ ਉਸ ਨੇ ਹੱਤਿਆਵਾਂ ਕਰਨ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਲਈ। ਮਾਮਲਾ ਅਜੇ ਜਾਂਚ ਅਧੀਨ ਹੈ। ਯੈਲੋਸਟੋਨ ਕਾਊਂਟੀ ਸ਼ੈਰਿਫ਼ ਕੈਂਟ ਓ'ਡੋਨੇਲ ਨੇ ਕਿਹਾ ਕਿ ਕਈ ਬਾਲਗ ਅਤੇ ਕਈ ਬੱਚੇ ਮਾਰੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਉਹ ਅਜੇ ਤੱਕ ਪੀੜਤਾਂ ਦੀ ਗਿਣਤੀ, ਉਨ੍ਹਾਂ ਦੀ ਉਮਰ, ਜਾਂ ਇੱਕ ਦੂਜੇ ਨਾਲ ਸਬੰਧਾਂ ਬਾਰੇ ਜਾਣਕਾਰੀ ਜਾਰੀ ਨਹੀਂ ਕਰ ਰਹੇ ਹਨ। ਜਾਂਚ ਮੁਕੰਮਲ ਹੋਣ ਉਪਰੰਤ ਹੀ ਹੋਰ ਜਾਣਕਾਰੀ ਦਿੱਤੀ ਜਾਵੇਗੀ।

# ਧੋਖਾਧੜੀ ਮਾਮਲੇ ‘ਚ ਭਾਰਤੀ ਮੂਲ ਦੇ ਜੋੜੇ ਨੂੰ 5 ਸਾਲ ਕੈਦ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਅਰਕਸਾਸ ਦੇ ਸ਼ਹਿਰ ਜੈਂਟਰੀ ਵਿਖੇ ਇੱਕ ਬਜ਼ੁਰਗ ਧੋਖਾਧੜੀ ਯੋਜਨਾ ‘ਚ ਸ਼ਾਮਿਲ ਭਾਰਤੀ ਮੂਲ ਦੇ ਜੋੜੇ ਨੂੰ ਚੋਰੀ ਦੇ ਦੋਸ਼ਾਂ ਤਹਿਤ ਦੋਸ਼ੀ ਕਰਾਰ ਦੇ ਕੇ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਨੂੰ ਇਕ ਗੁਪਤ ਕਾਰਵਾਈ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿਚ ਗਜੇਰਾ ਪ੍ਰਸ਼ਾਂਤ ਤੇ ਧਾਰਾਬੇਨ ਬਾਵੜੀਆ ਸ਼ਾਮਲ ਹਨ। ਦੋਵਾਂ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜੈਂਟਰੀ ਪੁਲਿਸ ਵਿਭਾਗ ਅਨੁਸਾਰ, ਜੋੜੇ ਨੂੰ 21 ਅਪ੍ਰੈਲ ਨੂੰ ਇੱਕ ਜਾਅਲੀ ਪੇਪਾਲ ਰਿਫੰਡ ਘੁਟਾਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਯੋਜਨਾ ਵਿਚ ਪੀੜਤਾਂ ਨੂੰ ਇਹ ਕਿਹਾ ਗਿਆ ਸੀ ਕਿ ਪੈਸੇ ਗਲਤੀ ਨਾਲ ਉਨ੍ਹਾਂ ਨੂੰ ਭੇਜ ਦਿੱਤੇ ਗਏ ਹਨ, ਜੋ ਵਾਪਿਸ ਕਰਨੇ ਪੈਣਗੇ। ਜੈਂਟਰੀ ਪੁਲਿਸ ਡਿਟੈਕਟਿਵ ਰਿਆਨ ਲੋਫਟਸ ਨੇ ਕਿਹਾ ਕਿ ਘੁਟਾਲੇਬਾਜ਼ ਅਕਸਰ ਪੀੜਤਾਂ ‘ਤੇ ਦਬਾਅ ਪਾਉਂਦੇ ਸਨ ਕਿ ਜੇਕਰ ਪੈਸੇ ਵਾਪਸ ਨਾ ਕੀਤੇ ਤਾਂ ਉਹ ਆਪਣੀਆਂ ਨੌਕਰੀਆਂ ਗੁਆ ਸਕਦੇ ਹਨ।

# ਸਤੰਬਰ 2026 ਦੇ ਵੀਜ਼ਾ ਬੁਲੇਟਿਨ ‘ਚ ਭਾਰਤੀ ਪਰਿਵਾਰਕ ਕੇਸਾਂ ਨੂੰ ਵੱਡੀ ਰਾਹਤ

ਵਾਸ਼ਿੰਗਟਨ- ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਾਰੀ ਕੀਤੇ ਗਏ ਸਤੰਬਰ 2026 ਦੇ ਵੀਜ਼ਾ ਬੁਲੇਟਿਨ ਵਿਚ ਭਾਰਤ ਨਾਲ ਸਬੰਧਤ ਕਈ ਪਰਿਵਾਰਕ ਇਮੀਗ੍ਰੇਸ਼ਨ ਸ਼੍ਰੇਣੀਆਂ ਦੀਆਂ ਤਰੀਕਾਂ ਵਿਚ ਵੱਡਾ ਵਾਧਾ ਕੀਤਾ ਗਿਆ ਹੈ। ਖ਼ਾਸ ਤੌਰ ‘ਤੇ ਐੱਫ-1, ਐੱਫ-2ਏ, ਐੱਫ-2ਬੀ ਅਤੇ ਐੱਫ-3 ਸ਼੍ਰੇਣੀਆਂ ਅਗਸਤ ਦੇ ਮੁਕਾਬਲੇ ਅੱਗੇ ਵਧੀਆਂ ਹਨ। ਦੂਜੇ ਪਾਸੇ, ਅਮਰੀਕੀ ਨਾਗਰਿਕਾਂ ਵੱਲੋਂ ਆਪਣੇ ਭੈਣ-ਭਰਾਵਾਂ ਲਈ ਦਾਇਰ ਕੀਤੀਆਂ ਐੱਫ-4 ਪਟੀਸ਼ਨਾਂ ਵਿਚ ਕੋਈ ਤਬਦੀਲੀ ਨਹੀਂ ਹੋਈ। ਐੱਫ-4 ਦੀ ਫਾਈਨਲ ਐਕਸ਼ਨ ਤਰੀਕ ਪਹਿਲੀ ਨਵੰਬਰ 2006 ਉੱਤੇ ਹੀ ਰੁਕੀ ਹੋਈ ਹੈ।ਫਾਈਨਲ ਐਕਸ਼ਨ ਤਰੀਕ ਉਹ ਹੱਦ ਹੁੰਦੀ ਹੈ, ਜਿਸ ਤੋਂ ਪਹਿਲਾਂ ਦੀ ਤਰਜੀਹੀ ਤਰੀਕ ਵਾਲੇ ਯੋਗ ਕੇਸਾਂ ਵਿਚ ਇਮੀਗ੍ਰੈਂਟ ਵੀਜ਼ਾ ਜਾਰੀ ਜਾਂ ਗ੍ਰੀਨ ਕਾਰਡ ਮਨਜ਼ੂਰ ਕੀਤਾ ਜਾ ਸਕਦਾ ਹੈ। ਭਾਰਤ ਲਈ ਐੱਫ-1 ਸ਼੍ਰੇਣੀ, ਜਿਸ ਅਧੀਨ ਅਮਰੀਕੀ ਨਾਗਰਿਕਾਂ ਦੇ 21 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਅਣਵਿਆਹੇ ਪੁੱਤਰ-ਧੀਆਂ ਆਉਂਦੇ ਹਨ, ਦੀ ਫਾਈਨਲ ਐਕਸ਼ਨ ਤਰੀਕ 22 ਜਨਵਰੀ 2020 ਹੋ ਗਈ ਹੈ। ਅਗਸਤ 2026 ਦੇ ਬੁਲੇਟਿਨ ਵਿਚ ਇਹ 15 ਦਸੰਬਰ 2018 ਸੀ। ਇਸ ਤਰ੍ਹਾਂ ਇੱਕ ਮਹੀਨੇ ਵਿਚ ਲਗਭਗ 13 ਮਹੀਨਿਆਂ ਦੀ ਤਰੱਕੀ ਹੋਈ ਹੈ। ਜਨਵਰੀ 2026 ਵਿਚ ਇਹ ਤਰੀਕ 8 ਨਵੰਬਰ 2016 ਸੀ, ਜਿਸ ਦਾ ਮਤਲਬ ਹੈ ਕਿ ਜਨਵਰੀ ਤੋਂ ਸਤੰਬਰ ਤੱਕ ਐੱਫ-1 ਲਗਭਗ ਤਿੰਨ ਸਾਲ ਦੋ ਮਹੀਨੇ ਅੱਗੇ ਵਧੀ ਹੈ।

# ਟੈਨੇਸੀ ‘ਚ ਇੱਕ ਭਾਰਤੀ-ਗੁਜਰਾਤੀ ਸਟੋਰ ਮਾਲਕ ਦਾ ਲੁੱਟ ਤੋਂ ਬਾਅਦ ਗੋਲੀਆਂ ਮਾਰ ਕੇ ਕਤਲ

ਨਿਊਯਾਰਕ- ਅਮਰੀਕਾ ਦੇ ਟੈਨੇਸੀ ਰਾਜ ਵਿਚ ਇੱਕ ਹੈਰਾਨ ਕਰਨ ਵਾਲੀ ਘਟਨਾ ਵਾਪਰੀ ਹੈ। ਜੈਕਸਨ ਸ਼ਹਿਰ ਵਿਚ ਇੱਕ ਹਥਿਆਰਬੰਦ ਲੁਟੇਰੇ ਨੇ 62 ਸਾਲਾ ਭਾਰਤੀ-ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਗੁਜਰਾਤ ਦੇ ਮੇਹਸਾਣਾ ਦੇ ਰਹਿਣ ਵਾਲੇ ਸੁਰੇਸ਼ ਪਟੇਲ ਨੇ 7 ਦਿਨ ਪਹਿਲਾਂ ਹੀ ਇਹ ਸਟੋਰ ਖਰੀਦਿਆ ਸੀ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਵਿਆਪਕ ਜਾਂਚ ਸ਼ੁਰੂ ਕਰ ਦਿੱਤੀ ਹੈ। ਟੈਨੇਸੀ ਦੇ ਜੈਕਸਨ ਵਿਚ ਸਥਿਤ ਪਟੇਲ ਵਾਈਨ ਅਤੇ ਸਪਿਰਿਟ ਨਾਂ ਦਾ ਸਟੋਰ ਚਲਾਉਂਦਾ ਸੀ। ਹਥਿਆਰਬੰਦ ਲੁਟੇਰੇ ਨੇ ਪੈਸੇ ਲੁੱਟ ਕੇ 62 ਸਾਲਾ ਭਾਰਤੀ-ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਦੁਖਦਾਈ ਘਟਨਾ ਵੀਰਵਾਰ ਰਾਤ ਨੂੰ ਵਾਪਰੀ, ਜਦੋਂ ਉਸ ਦੀ 19 ਸਾਲਾ ਧੀ ਵੀ ਉਸ ਦੇ ਨਾਲ ਸਟੋਰ ਵਿਚ ਮੌਜੂਦ ਸੀ, ਜੋ ਜਾਨੋਂ ਬੱਚ ਗਈ ਅਤੇ ਲੁਟੇਰੇ ਨੇ ਉਸਦੀ ਧੀ ਦੇ ਸਾਹਮਣੇ ਹੀ ਉਸਦੇ ਪਿਤਾ ‘ਤੇ ਗੋਲੀਬਾਰੀ ਕੀਤੀ। ਸੁਰੇਸ਼ ਪਟੇਲ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਸੀ.ਸੀ.ਟੀ.ਵੀ. ਫੁਟੇਜ ਵਿਚ ਕੈਦ ਹੋਏ ਸ਼ੱਕੀ ਲੁਟੇਰੇ ਦੀ ਪਛਾਣ ਇੱਕ ਕਾਲੇ ਆਦਮੀ ਵਜੋਂ ਹੋਈ ਹੈ, ਜਿਸਨੇ ਸਲੇਟੀ ਰੰਗ ਦੀ ਹੂਡੀ, ਜੀਨਸ ਅਤੇ ਕਾਲੇ ਬੂਟ ਪਾਏ ਹੋਏ ਹਨ। ਉਸਨੇ ਆਪਣੇ ਚਿਹਰੇ ‘ਤੇ ਪੇਂਟਬਾਲ ਮਾਸਕ ਪਾਇਆ ਹੋਇਆ ਸੀ। ਡਕੈਤੀ ਅਤੇ ਗੋਲੀਬਾਰੀ ਤੋਂ ਬਾਅਦ, ਸ਼ੱਕੀ ਇੱਕ ਚਿੱਟੇ ਰੰਗ ਦੀ ਸੇਡਾਨ ਵਿਚ ਭੱਜ ਗਿਆ।















OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton





# Pabla Indian Cuisine

Phone: 425-228-4625 Fax: 425-228-4629
Serving Washington for 27 years.
www.pablacuisine.com
pablacuisine@gmail.com

# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties •Birthday Parties •Mehndi Parties • Business Meetings •Any Kind Of Functions
Specials: Take out 7 Days a week
DJ, Dance Floor, Catering for
All Occasions, Big TV Screens & Family Atmosphere
Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ
For booking your event Please call Jas pabla At
Ph: 206-769-5559 Email: pablajas@yahoo.com

# PIZZA STATION

15300 33rd Ave S. Suite130, Seatac WA
10% Off All Orders
ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133
Sun to Thurs: 10 am-10 pm
Fri/Sat: 10 am to 11pm
Email:info@pizzastationwa.com

# Space Available for your Ad

ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ



Call to Advertise 604-590-5200

# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)
PH:206-644-4010

# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com





Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

# AUBURN'S MAIN SUPERMARKET

INDIAN GROCERIES-LIQUOR-WINE

1119E Main St. Auburn, WA 98002

Store hours: Mon-Sat: 8:00 AM - 10:00 PM Sun: 8:00 AM - 9:00 PM

Lowest Prices in Town · WIDE VARIETY OF FROZEN FOOD

When you spend $50 or more,get 5% discount

When you spend $100 or more,get 10% discount · Discount only apply to Indian Grocery

Fresh Sugarcane Juice · Natural Energy Drink Refresh Your Power

PANI PURI

Fresh Smoothies

FREE PANI-PURI FRI-SUN (12PM 5PM) ONLY 4 Pani Puri/CUSTOMER

ALL KINDS OF HOUSEHOLD UTENSILS (BARTAN) AVAILABLE

BLANKETS ARE ALSO AVAILABILE IN KING, QUEEN, TWIN SIZES

Fresh SugarCane Juice Everyday

Ph:253-249-7430, Cell:253-205-9981

www.auburnsmainsupermarket.com · *All prices are marked down

# Kaurs Tax And Accounting

**Trucking Compliance**
- IFTA
- IRP Registration
- LLC Registration
- Permits and Licensing
- Drug and Alcohal
- Clearing House
- Dot Compliance
- FMCSA Compliance
- DOT Audit Support
- Heavy Highway Tax
- MCS-150

**Professional Assistance Filling**
- OCI • UK Visa
- Passport • Indian Visa
- Power Of Attorney
- Immigration Petition
- Permit & Citizenship
- Health Insurance
- Affidavit

**Tax Services**
- Tax Filing & Planning
- Personal & Business
- Notary Public
- Payroll Service

ਇਹ ਸੇਵਾਵਾਂ ਪੰਜਾਬੀ/ਹਿੰਦੀ ਵਿੱਚ ਵੀ ਉਪਲੱਬਧ ਹਨ।

ਵਧੀਆ ਅਤੇ ਭਰੋਸੇਮੰਦ ਪ੍ਰੋਫੈਸ਼ਨਲ ਅਕਾਊਂਟਿੰਗ ਅਤੇ ਟੈਕਸ ਸੇਵਾਵਾਂ ਲਈ ਸੰਪਰਕ ਕਰੋ:

Jaz Kaur Randhawa
Ph:206-472-9602
702 S Hill Park Dr Suite 202 Puyallup, WA 98373
accounting@kaurs.net
trucking@kaurs.net
Web:www.kaurs.net

# WEST CAPITAL LENDING

YOUR PREFFERRED LOCAL LENDER

- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ

·CONVENTIONAL ·FHA ·VA Loans ·30YR/15YR/10YR FIXED ·DSCR
·P&L ·30 DAY SOFR ARM ·1099 PROGRAM ·7/6 SOFR ARMS
·LOT/CUSTOM CONSTRUCTION LOAN AVAILABLE
·24/12 BANK STATEMENT LOANS

ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ

ਘੱਟ ਰੇਟਾਂ ਦੀ ਗਰੰਟੀ

KESSHAV SHARMA
BRANCH MANAGER

Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614

# Ready to grow your business?

Count on us for solutions.

Gifty Singh
Bellevue
400 112th Ave NE
206–909–5226

BANNER BANK

bannerbank.com · Member FDIC

# ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ

JAG'S PIZZA

ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ

PH:360-386-9508

5830 B, Grove St, Marysville, WA
(Inside Shell Gas Station Plaza)
www.jagspizza.com

OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

# HG TAX AND ACCOUNTING

25228 104th AVE SE Suite 103 Kent, WA 98030

IT'S TIME TO SAVE ON YOUR TAXES

OPEN M-F: 10 AM to 6 PM
SAT: 11 AM to 4 PM
SUN: By Appointment

Harpreet Singh, J.D. (253) 202-4516

# LANCER TRUCKING LLC

21307-116TH AVE SE, KENT, WA 98031-2206

Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.

Ph:206-849-1313

# GROCERY SINGH

Your Neighborhood Store!

ਤੁਹਾਡਾ ਆਪਣਾ ਨੇਬਰਹੁੱਡ ਸਟੋਰ !

BEST QUALITY GREAT PRICES EXCELLENT SERVICE

ONE STOP FOR ALL YOUR NEEDS!

ਇੱਕ ਹੀ ਛੱਤ ਹੇਠ, ਸਾਰੀਆਂ ਜ਼ਰੂਰਤਾਂ ਪੂਰੀਆਂ!

ਵਧੀਆ ਕੁਆਲਿਟੀ ਵਾਜਬ ਕੀਮਤਾਂ ਬੇਹਤਰੀਨ ਸੇਵਾ

WE BRING YOU THE BEST OF QUALITY, VARIETY & VALUE!

ਅਸੀਂ ਲਿਆਉਂਦੇ ਹਾਂ ਤੁਹਾਡੇ ਲਈ ਉੱਤਮ ਕੁਆਲਿਟੀ, ਵਿਸ਼ਾਲ ਵਰਾਇਟੀ ਤੇ ਵਧੀਆ ਮੁੱਲ!




**FRESH PRODUCE** Wide variety of fresh fruits and vegetables daily.

**INDIAN & INTERNATIONAL GROCERIES** Pulses, spices, rice, atta, oils, snacks, beverages & more.

**SWEETS & SNACKS** Delicious Indian sweets, snacks and bakery items.

**HOUSEHOLD ESSENTIALS** Daily use items for your home and kitchen.

**FRIENDLY SERVICE** We treat every customer like family.

BEST QUALITY EVERYDAY · GREAT PRICES · HAPPY CUSTOMERS · STRONG COMMUNITY

ਤਾਜ਼ੀਆਂ ਸਬਜ਼ੀਆਂ ਅਤੇ ਫਲ

ਭਾਰਤੀ ਅਤੇ ਇੰਟਰਨੈਸ਼ਨਲ ਸਮਾਨ

ਮਿਠਾਈਆਂ ਅਤੇ ਸਨੈਕਸ

ਘਰੇਲੂ ਜ਼ਰੂਰਤਾਂ ਦਾ ਸਮਾਨ

ਦਿਲੋਂ ਸਤਿਕਾਰ, ਪਰਿਵਾਰ ਵਰਗਾ ਪਿਆਰ

Visit Us Today! ਅੱਜ ਹੀ ਪਧਾਰੋ !

GROCERY SINGH
1825 Broadway
Everett, WA 98201

Thank you for supporting our local store!
ਸਾਡਾ ਸਾਥ ਦੇਣ ਲਈ ਤੁਹਾਡਾ ਧੰਨਵਾਦ!

GOOD FOOD • GOOD PRICES • GOOD NEIGHBORS · ਵਧੀਆ ਖਾਣਾ • ਵਧੀਆ ਕੀਮਤਾਂ • ਵਧੀਆ ਪੜੋਸੀ